# ਅੰਮ੍ਰਿਤ ਕੀਰਤਨ

ਨਵੰਬਰ 2009




ਬੇਬੇ ਨਾਨਕੀ ਭਾਈ ਮਰਦਾਨਾ ਜੀ ਨੂੰ ਰਬਾਬ ਭੇਂਟ ਕਰਦੇ ਹੋਏ।

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਮਿਲਾਪ ਬਿਹਬਲਤਾ



ਕੱਢ ਜਿਗਰਾ, ਮੈਂ ਲਈ ਹਾਂ ਬੈਠੀ,
ਸੁਹਣੇ ਦੀ ਭੇਂਟ ਚੜ੍ਹਾਵਣ ਨੂੰ।
ਹਿਜਰ ਦਾ ਲੂਣ ਬ੍ਰਿਹੋਂ ਦੀਆਂ ਮਿਰਚਾਂ
ਸਿੱਕ ਦੀ ਅਗਨ ਜਲਾਵਣ ਨੂੰ
ਮਗ਼ਜ਼ ਦੀ ਚਰਬੀ, ਨਾਲ ਹੱਥਾਂ ਦੇ,
ਵਿਚ ਪਾ ਖੋਪੜੀ ਭੁੱਨਾਂ।
ਹਾੜੇ ਕਰਾਂ ਸੰਤੋਖ ਸਬਰ ਦੇ,
ਕਿਤੇ ਰੀਝੇ, ਚੱਲੀਆਂ ਰਿਝਾਵਨ ਨੂੰ।

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ
ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ
ਆਨਰੇਰੀ ਸਲਾਹਕਾਰ
ਜ: ਹਰਚੰਦਨ ਸਿੰਘ

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/ -I/ CHD/ Tech./ 80-G/ 2008-939 dated 19-05-2008 valid upto 31/03/2012

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ



***Please forward your e-mail id at drjagirsingh@gmail.com***

# AMRIT KIRTAN TRUST

## A Disclaimer

As readers of "**Amrit Kirtan**" are aware the magazine, under the aegis of **Amrit Kirtan Trust**, is being published from Chandigarh since 1989. It has over the period of time, almost become synonymous with the name of the Hony. Editor, **Dr. Jagir Singh**, Retd. Deputy Director, Punjab School Education Board, and presently Chairperson of Department of Gurmat Sangeet, Punjabi University, Patiala.

However, recently some person, who got hold of the email addresses of the persons to whom the Magazine, "**Amrit Kirtan**" was being posted in PDF (Portable Document Format), has sent an email to all the addressees stating that she is going to start a Website **Amrit Kirtan.org**, and thereafter she also sent another email stating that she intends to start a magazine under the name and style of **Amrit Kirtan. Org**

This **Disclaimer** is being sent to all our well-wishers to inform them that **Amrit Kirtan Trust, Amrit Kirtan** Magazine or **Dr. Jagir Singh**, have no concern whatsoever with the said person. The Trust has its own website www.amritkirtan.com.

We have also sent a communication in this behalf to the Registrar for Newspapers in India, wherein we have stated as under:

WHEREAS "**Amrit Kirtan**" is a registered title - as a News Paper / Magazineunder RNI Registration No.46788/89; ANDWHEREAS, it is reliably learnt that some one is trying to get a News Paper / Magazine, registered under the title "**Amrit Kirtan.org**" which is quite similar to our title "**Amrit Kirtan**"; AND WHEREAS, allotment of such or similar title to another News Paper or Magazine, is bound to be misused and create confusion amongst the readers & clientele of our News Paper / Magazine - "**Amrit Kirtan**";It is therefore, hereby requested that the title "**Amrit Kirtan.org**" or any other similar title which wholly or partially resembles "**Amrit Kirtan**" may please not be allotted to any one.

**Dr. Jagir Singh,**
**# 422, Sector 15-A, Chandigarh.**
**Mobile: 98140-53630**
**Email: drjagirsingh@gmail.com**

# ਵਾਰਤਾ ਇਕ ਟਕਸਾਲੀ ਤੇ ਪ੍ਰੌੜ ਕੀਰਤਨੀਏ ਦੀ

ਪੰਜਾਬ ਦਾ ਇਕ ਕੇਂਦਰੀ ਸ਼ਹਿਰ ਹੈ। ਇਸ ਦੇ ਇਕ ਮੁਹੱਲੇ ਵਿਚ ਆਪਣੇ ਸਮੇਂ ਦਾ ਇਕ ਪ੍ਰਸਿੱਧ ਕੀਰਤਨੀਆ ਨਿਵਾਸ ਕਰਦਾ ਹੈ। ਮੇਰੇ ਮਨ ਵਿਚ ਉਸ ਨੂੰ ਮਿਲਣ ਦੀ ਤਾਂਘ ਪੈਦਾ ਹੋਈ।

ਮੈਂ ਜਦੋਂ ਮੁਹੱਲੇ ਵਿਚ ਜਾ ਕੇ ਉਹਨਾਂ ਬਾਰੇ ਪੁੱਛਿਆ ਤਾਂ ਨੌਜੁਆਨਾਂ ਨੂੰ ਤਾਂ ਉਹਨਾਂ ਦੇ ਨਾਮ ਬਾਰੇ ਹੀ ਪਤਾ ਨਹੀਂ ਸੀ ਪਰ ਇਕ ਬਜ਼ੁਰਗ ਨੇ ਉਹਨਾਂ ਦਾ ਘਰ ਦੱਸਿਆ।

ਜਦੋਂ ਮੈਂ ਪਤਲੀ ਜਿਹੀ ਗੈਲਰੀ ਲੰਘ ਕੇ ਅੰਦਰ ਗਿਆ ਤਾਂ ਉਹ ਕਾਨਿਆਂ ਨਾਲ ਬਣੀ ਇਕ ਆਰਾਮ ਕੁਰਸੀ ਤੇ ਬੈਠੇ ਧੁੱਪ ਸੇਕ ਰਹੇ ਸਨ। ਸਿਰ ਉੱਤੇ ਪਟਕਾ ਸੀ, ਅਖਬਾਰ ਉੱਤੇ ਉਹਨਾਂ ਦੀ ਐਨਕ ਪਈ ਹੋਈ ਸੀ। ਮੈਂ ਫਤਹਿ ਬੁਲਾਈ। ਉਹ ਖੁਸ਼ ਹੋ ਕੇ ਬੋਲੇ, ਅੱਜ ਸਾਡੇ ਬੁੱਢਿਆਂ ਦੀ ਯਾਦ ਕਿਵੇਂ ਆ ਗਈ?

ਮੈਂ ਉਹਨਾਂ ਨੂੰ ਦੱਸਿਆ ਕਿ ਮੈਨੂੰ ਤਾਂ ਉਹਨਾਂ ਦੀ ਹਮੇਸ਼ਾ ਯਾਦ ਰਹਿੰਦੀ ਹੈ। ਉਹਨਾਂ ਨੂੰ ਪਹਿਲਾ ਸ਼੍ਰੋਮਣੀ ਰਾਗੀ ਅਵਾਰਡ ਮਿਲਿਆ ਸੀ। ਉਹ ਟਕਸਾਲੀ ਸ਼ੈਲੀ ਵਿਚ ਕੀਰਤਨ ਕਰਦੇ ਹਨ। ਕਦੀ ਉਹਨਾਂ ਦੀ ਬੜੀ ਪ੍ਰਸਿੱਧੀ ਸੀ। ਵੱਡੇ ਵੱਡੇ ਕੀਰਤੀਨੇ ਅਤੇ ਗਾਇਕ, ਉਹਨਾਂ ਦਾ ਕੀਰਤਨ ਸੁਣਨ ਦੀ ਇੱਛਾ ਕਰਦੇ ਸਨ। ਪਰ ਉਹਨਾਂ ਨੇ ਆਪਣੇ ਮੂੰਹ ਤੋਂ ਕਦੀਂ ਵੀ ਭੇਟਾ ਨਹੀਂ ਸੀ ਮੰਗੀ। ਉਹ ਬੜੇ ਸਬਰ ਵਾਲੇ ਸਨ।

ਗੱਲਬਾਤ ਕਰਦਿਆਂ ਪਤਾ ਲੱਗਾ ਕਿ ਹੁਣ ਉਹਨਾਂ ਦਾ ਜੱਥਾ ਟੁੱਟ ਚੁੱਕਾ ਹੈ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ "ਸੰਗਤਾਂ ਨੂੰ ਕੀਰਤਨ ਸੁਣਨ ਨਾਲੋਂ ਕੀਰਤਨੀਆਂ ਨੂੰ ਟੀ. ਵੀ. ਉੱਤੇ ਦੇਖਣ ਦੀ ਆਦਤ ਪੈ ਗਈ ਹੈ। ਜਿਹੜੇ ਕੀਰਤਨੀਏ ਰਾਗਦਾਰੀ ਨੂੰ ਨਹੀਂ ਸਮਝਦੇ ਪਰ ਲਿਬਾਸ ਚੰਗਾ ਪਹਿਨਦੇ ਹਨ। ਸਿਮਰਨ ਵਧੇਰੇ ਕਰਵਾਉਂਦੇ ਹਨ। ਹਰਮੋਨੀਅਮ ਅਤੇ ਤਬਲੇ ਦੀ ਜੁਗਲਬੰਦੀ ਵਧੇਰੇ ਸੁਣਾਉਂਦੇ ਹਨ। ਸੰਗਤਾਂ ਉਹਨਾਂ ਨੂੰ ਵਧੇਰੇ ਪਸੰਦ ਕਰਦੀਆਂ ਹਨ।

ਜਿਹੜੇ ਕੋਈ ਟਕਸਾਲੀ ਕੀਰਤਨ ਦੇ ਸਰੋਤੇ ਸਨ ਉਹਨਾਂ ਨੂੰ ਗੁਰਦਆਰਾ ਕਮੇਟੀਆਂ ਨੇ ਸਾਡਾ ਕੀਰਤਨ ਸੁਣਨ ਤੋਂ ਰੋਕ ਦਿੱਤਾ ਹੈ।

ਅਕਾਲ ਤਖਤ ਦੇ ਹੁਕਮ ਅਨੁਸਾਰ ਸਾਰੇ ਸਮਾਗਮ ਗੁਰਦੁਆਰਿਆਂ ਵਿਚ ਹੁੰਦੇ ਹਨ। ਐਤਵਾਰ ਤਾਂ ਇਕ ਗੁਰਦੁਆਰੇ ਵਿਚ 4-4 ਪ੍ਰੋਗਰਾਮ ਹੁੰਦੇ ਹਨ। ਗੁਰਦੁਆਰਾ ਕਮੇਟੀਆਂ ਨੇ ਸਾਧਾਰਨ ਜਿਹੇ ਘਟ ਤਨਖਾਹ ਲੈਣ ਵਾਲੇ ਜੱਥੇ ਰੱਖ ਲਏ ਹਨ ਅਤੇ ਉਹ ਕੇਵਲ ਆਪਣੇ ਜੱਥਿਆਂ ਨੂੰ ਕੀਰਤਨ ਕਰਨ ਦੀ ਇਜ਼ਾਜਤ ਦਿੰਦੀਆਂ ਹਨ। ਇਸ ਕਰਕੇ ਕੋਈ ਚਾਹ ਕੇ ਵੀ ਸਾਡਾ ਕੀਰਤਨ ਨਹੀਂ ਸੁਣ ਸਕਦਾ।

ਕੀਰਤਨ ਪ੍ਰੋਗਰਾਮ ਨਹੀਂ ਮਿਲਦੇ ਇਸ ਕਰਕੇ ਸਾਥੀ ਵੀ ਸਾਥ ਛੱਡ ਗਏ।

ਮੈਂ ਤਾਂ ਸਾਰੀ ਉਮਰ ਟਕਸਾਲੀ ਕੀਰਤਨ ਸਿੱਖਿਆ, ਕੀਰਤਨ ਸਿਖਾਇਆ ਹੈ। ਹੁਣ ਰੋਜ਼ੀ ਰੋਟੀ ਲਈ ਸਮਝ ਨਹੀਂ ਆਉਂਦੀ ਕੀ ਕਰਾਂ।"

ਮੈਂ ਉਹਨਾਂ ਦੇ ਪ੍ਰਸ਼ਨਾਂ ਦਾ ਉੱਤਰ ਨਹੀਂ ਦੇ ਸਕਿਆ। ਕੀ ਤੁਸੀਂ ਕੁਝ ਕਹੋਗੇ...?

# ਸੰਗੀਤ ਦਾ ਬਾਦਸ਼ਾਹ ਤਾਨਸੈਨ

## ਬਲਬੀਰ ਸਿੰਘ ਕੰਵਲ, ਲੰਡਨ

ਉਸ ਵਰਗਾ ਸੰਗੀਤਕਾਰ ਭਾਰਤ ਵਿਚ ਇਕ ਹਜ਼ਾਰ ਸਾਲ ਤੋਂ ਪੈਦਾ ਨਹੀਂ ਹੋਇਆ, ਆਈਨਿ-ਅਕਬਰੀ ਵਿਚ ਇਹ ਹੈ ਇਕੋ ਇਕ ਫਿਕਰਾ, ਉਸ ਸਮੇਂ ਦੇ ਮਹਾਨ ਕਲਮਕਾਰ ਅਬੁਲ ਫਜ਼ਲ ਦੀ ਕਲਮ ਤੋਂ, ਜਿਹੜਾ ਉਸਨੇ ਇਸ ਮਹਾਨ ਸੰਗੀਤਕਾਰ ਬਾਰੇ ਲਿਖਿਆ ਹੈ।

ਸਾਡੀ ਬੇਕਦਰੀ ਅਤੇ ਬੇਹਿਸੀ ਦਾ ਇਹ ਆਲਮ ਹੈ ਕਿ ਅਬੁਲ ਫਜ਼ਲ ਵਰਗਾ ਲੇਖਕ ਵੀ, ਇਕ ਆਲਮਗੀਰ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਗਾਇਕ ਨੂੰ ਆਪਣੀ ਮਹਾਨ ਕਿਰਤ ਵਿਚ ਕੇਵਲ ਇਕ ਫਿਕਰਾ ਹੀ ਦੇਂਦਾ ਹੈ। ਚਲੋ ! ਇਹ ਵੀ ਸ਼ੁਕਰ ਹੈ ਕਿ ਉਸ ਬਾਰੇ ਉਹ ਇਕ ਲੀਕ ਹੀ ਵਾਹ ਗਿਆ, ਜਿਹੜੀ ਉਸ ਦੀ ਕਲਾ, ਉਸਦੇ ਕਿਰਦਾਰ ਬਾਰੇ ਸਾਨੂੰ ਕਾਫੀ ਕੁਝ ਦੱਸ ਜਾਂਦੀ ਹੈ।

ਭਾਰਤੀ ਸੰਗੀਤ ਦੇ ਇਸ ਮਸੀਹੇ ਦਾ ਜਨਮ ਗਵਾਲੀਅਰ ਤੋਂ ਸੱਤ ਕੁ ਕੋਹ ਪੂਰਬ ਵੱਲ ਨੂੰ ਪਿੰਡ ਬੇਹਟ ਵਿਚ 1524 ਦੇ ਲੱਗਪਗ ਹੋਇਆ। ਉਸਦੇ ਪਿਓ ਦਾ ਨਾਂ ਮਕਰੰਦ ਪਾਂਡੇ ਸੀ, ਜਿਹੜਾ ਜਾਤ ਦਾ ਗੌੜ ਬ੍ਰਾਹਮਣ ਸੀ।

ਤ੍ਰਿਲੋਚਨ ਮਿਸ਼ਰ ਤਨਾ ਜਾਂ ਤਾਨਸੈਨ, ਹਿੰਦੂ ਸੀ ਜਾਂ ਮੁਸਲਮਾਨ, ਕਈ ਵੇਰ ਇਸ ਗੱਲ ਨੂੰ ਬਹੁਤ ਬੁਰੀ ਤਰ੍ਹਾਂ ਉਭਾਰਿਆ ਜਾਂਦਾ ਸੀ। ਮੇਰੇ ਖਿਆਲ ਅਨੁਸਾਰ, ਉਹੋ ਜਹੇ ਕਲਾਕਾਰ ਲਈ ਇਹ ਗੱਲ ਕੋਈ ਐਨਾ ਮਹੱਤਵ ਨਹੀਂ ਰੱਖਦੀ ਕਿਉਂਕਿ ਉਸਦਾ ਧਰਮ ਤਾਂ ਬਸ ਸੰਗੀਤ ਹੀ ਬਣ ਚੁੱਕਾ ਸੀ। ਐਨੇ ਉੱਚੇ ਪੱਧਰ ਦੇ ਕਲਾਕਾਰ ਲਈ ਧਰਮ ਨੂੰ ਐਨੀ ਮਹੱਤਤਾ ਦੇਣ ਲਈ ਐਨੀ ਵਿਹਲ ਕਿੱਥੋ? ਫਿਰ ਵੀ ਜੇਕਰ ਉਸਦੇ ਅਸਲੇ ਬਾਰੇ ਗੱਲ ਪੁੱਛਣੀ ਹੈ, ਤਾਂ ਉਹ ਇਹ ਹੈ ਕਿ ਉਸਦਾ ਅਸਲਾ - ਬ੍ਰਾਹਮਣ ਕੁੱਲ ਦਾ ਸੀ। ਉਸਦਾ ਅਸਲ ਗੁਰੂ ਵੀ ਹਿੰਦੂ ਅਤੇ ਉਸਦੀ ਸਾਰੀ ਤਾਲੀਮ ਵੀ ਹਿੰਦੂ ਪ੍ਰੰਪਰਾ ਅਨੁਸਾਰ ਹੋਈ।

ਫਾਰਸੀ ਦੀ ਇਕ ਕਿਰਤ ਮੁਨਤਖਾਬੁਤ ਤਵਾਰੀਖ ਦੇ ਕਰਤਾ ਅਬਦੁਲ ਕਾਦਰ ਬਦਾਯੂਨੀ ਤੋਂ ਛੁੱਟ। ਜਿਹੜਾ ਉਸਨੂੰ ਇਕ ਥਾਂ ਤਾਨ ਸਿੰਘ ਵੀ ਲਿਖ ਜਾਂਦਾ ਹੈ। ਆਮ ਹੀ ਮੁਸਲਮਾਨ ਲੇਖਕ, ਉਸ ਨੂੰ ਮੁਸਲਮਾਨ ਕਹਿ ਕੇ ਆਪਣੇ ਸੀਨੇ ਨਾਲ ਲਾਉਂਦੇ ਸਨ। ਚਲੋ, ਏਦਾਂ ਵੀ ਕੀ ਹਰਜ਼ ਹੈ। ਇਹ ਦਾ ਇਹ ਕਾਰਨ ਹੈ ਕਿ ਮਕਰੰਦ ਪਾਂਡੇ ਦੇ ਘਰ ਔਲਾਦ ਨਹੀਂ ਸੀ ਬਚਦੀ। ਲੋਕਾਂ ਦੇ ਕਹਿਣ ਤੇ ਉਹ ਗਵਾਲੀਅਰ ਦੇ ਪ੍ਰਸਿੱਧ ਫਕੀਰ ਮੁਹੰਮਦ ਗੌਸ ਦੇ ਚਰਨੀਂ ਢਿਹਾ, ਜਿਸ ਉਪਰੰਤ ਸੱਚੇ ਫਕੀਰ ਨੇ ਉਸਨੂੰ ਬਚਨ ਦੇ ਦਿੱਤਾ ਕਿ ਉਸਦੇ ਘਰ ਬਾਲ ਹੋਏਗਾ, ਜੀਵਨ ਵੀ ਰਹੇਗਾ ਅਤੇ ਉੱਜ ਵੀ ਐਸਾ ਕਿ ਆਪਣੇ ਖਾਨਦਾਨ ਦਾ ਨਾਂ ਰਹਿੰਦੀ ਦੁਨੀਆਂ ਤੱਕ ਰੌਸ਼ਨ ਕਰੇਗਾ। ਸੋ ਇਕ ਦਿਨ ਇਹ ਸਭ ਗੱਲਾਂ ਸੋਲਾਂ ਆਨੇ ਸੱਚ ਨਿਕਲੀਆਂ। ਇਸ ਘਟਨਾ ਨੂੰ ਅਜੇ ਇਕ ਸਾਲ ਹੀ ਬੀਤਿਆ ਸੀ ਕਿ ਫਕੀਰ ਦੀਆਂ ਦੁਆਵਾਂ ਵਰ ਆਈਆਂ ਅਤੇ ਪਾਂਡੇ ਦੇ ਘਰ ਹੀਰੇ ਵਰਗੇ ਇਕ ਬਾਲ ਨੇ ਜਨਮ ਲਿਆ।

ਸੁਹਿਰਦ ਮਾਂ ਬਾਪ ਆਪਣੇ ਲਾਲ ਨੂੰ ਝੋਲੀ ਪਾ ਕੇ, ਫਕੀਰ ਜੀ ਕੋਲ ਗਵਾਲੀਅਰ ਵਿਖੇ ਆ ਗਏ, ਆਪਣੀ ਸ਼ਰਧਾ ਆਪਣੀ ਅਕੀਦਤ ਦੇ ਫੁੱਲ ਚਾੜ੍ਹਨ, ਅਤੇ ਆਪਣੀਆਂ ਅੱਖੀਆਂ ਦਾ ਤਾਰਾ ਵੀ ਉਹਨਾਂ ਨੂੰ ਭੇਟ ਕਰਨ।

'ਸਾਈਂ ਜੀ, ਤੁਸੀਂ ਸਾਡੇ ਤੇ ਬਹੁਤ ਰਹਿਮ ਕਰਮ ਕੀਤਾ ਹੈ। ਅਸੀਂ ਤੁਹਾਡਾ ਦੇਣਾ ਨਹੀਂ ਦੇ ਸਕਦੇ। ਇਹ ਬਾਲ ਹੁਣ ਤੁਹਾਡਾ ਹੀ ਹੈ। ਹੁਣ ਇਸ ਨੂੰ ਬਸ ਆਪਣਾ ਪੁੱਤਰ ਸਮਝ ਕੇ ਪਾਲਨਾ ਕਰਨੀ।'

ਪਰਵਰਿਸ਼ ਸ਼ੁਰੂ ਹੋ ਗਈ। ਉਸ ਦੀਆਂ ਮਿੱਠੀਆਂ, ਤੋਤਲੀਆਂ ਗੱਲਾਂ ਸੁਣ-ਸੁਣ ਕੇ, ਉਸ ਦੀ ਆਵਾਜ਼ ਵਿਚ ਮਧੁਰਤਾ ਅਨੁਭਵ ਕਰਕੇ, ਮੁਰਸ਼ਦ ਨੇ ਬਾਲ ਦਾ ਨਾਂ ਲਾਡ ਨਾਲ ਟੋਡੀ ਰੱਖ ਦਿੱਤਾ।

1532 ਦੇ ਕਰੀਬ ਉਸ ਨੂੰ ਮ੍ਰਿਗਨੈਣੀ ਸੰਗੀਤ ਵਿਦਿਆਲਾ ਵਿਚ ਦਾਖਿਲ ਕਰਵਾ ਦਿੱਤਾ ਗਿਆ। ਉਸ ਸਮੇਂ ਉੱਥੇ ਸਵਰਗਵਾਸੀ ਬਖਸ਼ੂ ਦੇ ਦੋ ਸ਼ਾਗਿਰਦ ਮਛੂ ਅਤੇ ਭੰਵਰ ਤਾਲੀਮ ਦੇ ਰਹੇ ਸਨ। ਇਸ ਥਾਂ ਉਸ ਨੇ ਚਾਰ ਪੰਜ ਸਾਲ ਲਾਏ। ਦੱਸਿਆ ਜਾਂਦਾ ਹੈ ਕਿ ਕੁਝ ਸਮਾਂ ਪਾ ਕੇ ਉੱਥੇ ਉਹ ਇਕ ਮੋਹਕ ਗਾਇਕਾ ਹੁਸੈਨੀ ਤੇ ਮੋਹਿਤ ਹੋ ਗਿਆ। ਇਹ ਪਿਆਰ ਫਿਰ ਪ੍ਰਵਾਨ ਵੀ ਚੜ੍ਹਿਆ, ਜਦ ਕਿ ਇਹਨਾਂ ਦੋਹਾਂ ਕਲਾਕਾਰਾਂ ਦੀ ਸ਼ਾਦੀ ਹੋ ਗਈ।

ਫਕੀਰਾਂ ਦੇ ਫਕੀਰ ਹੀ ਯਾਰ। ਮੁਹੰਮਦ ਗੌਸ ਅਤੇ ਮਥਰਾ ਨਿਵਾਸੀ ਸੁਆਮੀ ਹਰੀ ਦਾਸ ਦੀ ਆਪਸ ਵਿਚ ਬਹੁਤ

ਬਣਦੀ ਸੀ। ਸਮੇਂ ਦੇ ਮਹਾਨ ਫਕੀਰ ਇਕ ਦੂਜੇ ਕੋਲ ਆਮ ਆਉਂਦੇ ਜਾਂਦੇ। ਦੋਵੇਂ ਅਦਵੈਤੀ ਸਨ, ਰੂਹਾਂ ਦੇ ਉੱਚੇ ਪਰਵਾਜ਼ ਸਹਿਤ ਆਪਸ ਵਿਚ ਪੇਚੇ ਲਗਦੇ। ਵੇਦਾਂਤ ਬਾਰੇ ਖੂਬ ਝਪਟਾਂ ਹੁੰਦੀਆਂ।

ਸੁਆਮੀ ਜੀ ਇਕ ਵਾਰ ਫਿਰ ਗਵਾਲੀਅਰ ਵੱਲ ਨੂੰ ਆਏ। ਜਿੱਥੇ ਅੱਜ-ਕੱਲ ਜੀਆ ਦੀ ਰਾਓ ਕਾਟਨ ਮਿੱਲਾਂ ਹਨ, ਇਸ ਥਾਂ ਕਦੇ ਹਰੇ ਭਰੇ ਬਾਗ ਸਨ। ਜਦੋਂ ਸੁਆਮੀ ਜੀ, ਇਸ ਬਾਗ ਵਿਚੋਂ ਦੀ ਲੰਘਣ ਲੱਗੇ ਤਾਂ ਤ੍ਰਿਲੋਚਨ ਨੇ ਸ਼ੇਰ ਦੀ ਆਵਾਜ਼ ਵਿਚ ਦਹਾੜਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਤੱਕ, ਉਸ ਬਾਲ ਨੂੰ ਕੀ ਪਤਾ ਸੀ ਕਿ ਜੇ ਉਹ ਸ਼ੇਰ ਦੀ ਆਵਾਜ਼ ਪੈਦਾ ਕਰਕੇ ਯਾਤਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਉੱਧਰ ਵੀ ਕੰਨ ਉਹੋ ਜਹੇ ਸਨ, ਜਿਹੜੇ ਗੰਢੇ ਦੀ ਛਿੱਲ ਨਾਲੋਂ ਵੀ ਪਤਲੇਰੇ ਹਨ।

ਸੁਆਮੀ ਜੀ ਮੁਸਕਰਾ ਪਏ ਅਤੇ ਆਪਣੇ ਨਾਲ ਆਈ ਸਾਧੂਆਂ ਦੀ ਮੰਡਲੀ ਨੂੰ ਕਹਿਣ ਲੱਗੇ ਕਿ ਇਸ 'ਸ਼ੇਰ' ਨੂੰ ਫੜ ਕੇ ਲਿਆਓ, ਇਸ ਨੂੰ ਜਾਨਵਰ ਤੋਂ ਬੰਦਾ ਬਣਾ ਦੇਈਏ।

ਹੁਣ ਇਸ ਥਾਂ ਆ ਕੇ ਵੀ ਕੁਝ ਫਿਰਕਾ-ਪ੍ਰਸਤ ਲਿਖਾਰੀ ਆਪਣੇ ਆਪਣੇ ਮਨ ਦੀ ਖੂਬ ਲਾਹੁੰਦੇ ਹਨ। ਕੁਝ ਆਖਦੇ ਹਨ ਕਿ ਤ੍ਰਿਲੋਚਨ ਦੀ ਮਿੱਠੀ ਆਵਾਜ਼ ਤਾਂ ਹੋਈ ਕਿ ਹਜ਼ਰ ਮੁਹੰਮਦ ਗੌਸ ਨੇ ਆਪਣਾ ਜੂਠਾ ਪਾਨ ਉਸ ਦੇ ਮੂੰਹ ਵਿਚ ਉਗਲ ਦਿੱਤਾ ਸੀ। ਦੂਜੇ ਪਾਸੇ ਕਈ ਬੰਦੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਉਸਦੇ ਗਲੇ ਵਿਚ ਸੁਆਮੀ ਜੀ ਨੇ ਸ਼ਹਿਦ ਘੋਲਿਆ ਸੀ। ਖੈਰ ਆਪਣੇ ਆਪ ਵਿਚ ਮੈਂ ਦੋਹਾਂ ਚੀਜ਼ਾਂ ਨੂੰ ਮੰਨਦਾ ਹਾਂ। ਕਿਸੇ ਸੱਚੇ ਫਕੀਰ ਦੀ ਅਸ਼ੀਰਵਾਦ ਵੀ ਕਈ ਵੇਰ ਕੁਲਾਂ ਤਾਰ ਦੇਂਦੀ ਹੈ ਅਤੇ ਏਸੇ ਤਰ੍ਹਾਂ ਮੈਂ ਸਿੱਖਿਆ ਅਤੇ ਕਿਰਤ ਵਿੱਦਿਆ ਵਿਚ ਵੀ ਪੂਰਾ ਯਕੀਨ ਰੱਖਦਾ ਹਾਂ।

ਸੁਆਮੀ ਜੀ ਨੇ ਉਸ ਨੂੰ ਦਸ ਗਿਆਰਾਂ ਸਾਲਾਂ ਵਿਚ ਇਕ ਮਹਾਨ ਗਾਇਕ ਬਣਾ ਦਿੱਤਾ ਸੀ। ਹੁਣ ਤਾਂ ਉਸ ਦੀ ਕੀਰਤੀ ਦੂਰ-ਦੂਰ ਤੱਕ ਪਹੁੰਚ ਗਈ। ਉਸ ਨੂੰ ਅਣਗਿਣਤ ਧਰੁਪਦਾਂ ਯਾਦ ਹੋ ਗਈਆਂ। ਦਿਨ ਰਾਤ ਦੇ ਕੁਹਨਾ ਰਿਆਜ਼ ਨੇ ਉਸ ਦੇ ਗਲੇ ਨੂੰ ਪੂਰਨ ਕੰਚਨ ਬਣਾ ਦਿੱਤਾ। ਹੁਣ ਤਾਂ ਥਾਂ-ਥਾਂ ਤੇ ਰਾਜ ਦਰਬਾਰ ਉਸ ਨੂੰ ਆਪਣੇ ਕੋਲ ਰੱਖਣ ਲਈ ਰੀਝਦੇ। ਉਸਨੇ ਕੁਝ ਸਮਾਂ ਸਿਆਸਤ ਰੀਵਾ ਦੇ ਮਹਾਰਾਜ ਰਾਮ ਚੰਦਰ ਕੋਲ ਗੁਜ਼ਾਰਿਆ। ਉਹ ਇਸਦੀ ਬਹੁਤ ਕਦਰ ਕਰਦਾ ਸੀ ਅਤੇ ਇਕ ਵੇਰ ਉਸਨੇ ਇਸ ਨੂੰ ਦੋ ਕਰੋੜ ਦਮੜੇ ਵੀ ਇਨਾਮ ਵਜੋਂ ਦਿੱਤੇ ਸਨ।

**ਅਕਬਰੀ ਦਰਬਾਰ ਨਾਲ ਸੰਬੰਧ:**

ਉਸ ਦੇ ਮਧੁਰ ਗਲੇ ਦੀ ਤਾਰੀਫ ਦਿੱਲੀ ਤੱਕ ਵੀ ਪੁੱਜ ਗਈ। 1562 ਦੇ ਕਰੀਬ ਸਮਰਾਟ ਅਕਬਰ ਨੇ ਉਸ ਨੂੰ ਆਪਣੇ ਕੋਲ ਸੱਦ ਲਿਆ। ਸੰਗੀਤ ਸ਼ੈਦਾਈ ਰਾਜਾ ਰਾਮਚੰਦ ਨੇ ਉਸ ਨੂੰ ਵਿਦਾ ਤਾਂ ਕੀਤਾ, ਪਰ ਆਪਣੇ ਦਿੱਲ ਤੇ ਹੱਥ ਰੱਖ ਕੇ। ਦੱਸਿਆ ਜਾਂਦਾ ਹੈ ਕਿ ਤੋਰਨ ਸਮੇਂ ਉਸ ਦੀ ਪਾਲਕੀ ਨੂੰ ਮਹਾਰਾਜ ਨੇ ਮੋਢਾ ਦਿੱਤਾ ਹੋਇਆ ਸੀ ਅਤੇ ਉਸ ਦੀਆਂ ਅੱਖੀਆਂ ਛਲਕ ਰਹੀਆਂ ਸਨ।

ਦਰਬਾਰ ਵਿਚ ਉਥੇ ਅੱਗੇ ਹੀ ਬੜੇ-ਬੜੇ ਗਾਇਕ ਅਤੇ ਸਾਜ਼ਿੰਦੇ ਸੁਸ਼ੋਭਿਤ ਸਨ ਏਥੋਂ ਦਾ ਪੂਰਾ ਮਾਹੌਲ ਸੰਗੀਤਮਈ ਸੀ। ਜਿਸ ਨੇ ਨਵੇਂ ਆਏ ਗਵੱਈਏ ਨੂੰ ਬਹੁਤ ਪ੍ਰੇਰਨਾ ਦਿੱਤੀ। ਜੇ ਕਰ ਅਸੀਂ ਨਕਾਰਖਾਨੇ ਦੇ ਸਾਜ਼ਾਂ ਵੱਲ ਝਾਤ ਮਾਰੀਏ ਤਾਂ ਹੀ ਸਾਨੂੰ ਉਥੋਂ ਦੇ ਮਾਹੌਲ ਦਾ ਮਾੜਾ ਜਿਹਾ ਅਨੁਮਾਨ ਹੋ ਜਾਵਾਗ।

ਨਕਾਰਖਾਨੇ ਵਿਚ ਕੁਵਰਗ ਜਾਂ ਦਮਾਮਿਆਂ ਦੇ ਅਠਾਰਾਂ ਜੋੜੇ ਸਨ, ਨਕਾਰੇ ਲੋਕ ਸਾਜ਼ਾਂ ਦੇ ਵੀਹ ਜੋੜ, ਢੋਲ ਦੇ ਜੋੜ, ਕਰਨਾਇ ਦੋ ਜੋੜ, ਇਹਨਾਂ ਮੋਟੇ ਲੋਕ-ਸਾਜ਼ਾਂ ਤੋਂ ਛੁੱਟ, ਉਸਤਾਦ ਦੇ ਦੂਜੇ ਸਾਜ਼ਾਂ ਦਾ ਕੋਈ ਹਿਸਾਬ ਹੀ ਨਹੀਂ ਸੀ। ਸ਼ਾਹੀ ਕਿਲੇ ਵਿਚ ਅੱਧੀ ਰਾਤ ਤੋਂ ਹੀ ਕੰਮ ਚਾਲੂ ਹੋ ਜਾਂਦਾ। ਜਿਹੜਾ ਰਾਤ ਦੇ ਉਪੀਏ ਤੱਕ ਚਲਦਾ ਰਹਿੰਦਾ। ਦਿਨ ਚੜ੍ਹਦਾ ਅਤੇ ਉਧਰੋ ਤਾਨ ਸੈਨ ਹੋਰੀਂ ਵੀ, ਭੈਰਵੀਂ ਦੀਆਂ ਸੁਰਾ ਅਲਾਪਣ ਲੱਗ ਪੈਂਦੇ।

ਤੂੰ ਹੀ ਵੇਦ, ਤੂੰ ਹੀ ਪ੍ਰਾਨ,
ਤੂੰ ਹੀ ਹਦੀਸ, ਤੂੰ ਹੀ ਕੁਰਾਨ,
ਤੂੰ ਹੀ ਧਿਆਨ, ਤੂੰ ਹੀ ਗਿਆਨ,
ਤੂੰ ਹੀ ਪਤਮ ਵਨੇਸ਼

ਬਸ ਕੰਨਾਂ ਵਿਚ ਜਿਵੇਂ ਰਸ ਘੁਲਣ ਲੱਗ ਜਾਂਦੀ। ਸਮਰਾਟ ਅਕਬਰ ਇਹ ਨਹੀਂ ਕਿ ਕਦੇ ਕਦੇ ਸੁਹਣਾ ਨਕਾਰਾ ਹੀ ਵਜਾਉਂਦਾ,

ਸਗੋਂ ਉਸ ਨੂੰ ਗਲੇ ਦੀਆਂ ਮਧੁਰ ਧੁਨਾਂ ਸੁਣਨ ਦਾ ਵੀ ਕੰਨ ਰਸ ਸੀ। ਗਾਣੇ ਦੀ ਤਾਲੀਮ ਉਸਨੇ ਬਾਕਾਇਦਾ ਲਾਲ ਕਲੌਂਤ ਕੋਲੋਂ ਲਈ ਸੀ।

ਬਸ ਫਿਰ ਕੀ ਸੀ। ਉਧਰੋਂ ਅਕਬਰ ਦੇ ਨੌ ਰਤਨਾਂ ਵਿਚ ਸੀ, ਆਪਣੇ ਜੀਵਨ ਵਿਚ ਕਈ ਨਵੇਂ ਰਾਗਾਂ ਦੇ ਸਫਲ ਤਜ਼ਰਬੇ ਕੀਤੇ, ਜਿਹਨਾਂ ਵਿਚੋਂ ਕੁਝ ਰਾਗ ਅੱਜ ਵੀ ਉਸ ਦੇ ਨਾਂ ਨਾਲ ਜੋੜੇ ਜਾਂਦੇ ਹਨ।

ਉਸ ਦਾ ਸਭ ਤੋਂ ਵੱਧ ਚਹੇਤਾ ਰਾਗ ਦਰਬਾਰੀ ਸੀ, ਜਿਸ ਦਾ ਠਾਠ ਆਸਾਵਰੀ ਹੈ। ਕੁਝ ਉਸਤਾਦਾਂ ਦੇ ਵਿਸ਼ਵਾਸ ਅਨੁਸਾਰ ਇਸ ਰਾਗ ਦਾ ਦੂਜਾ ਜਨਮ ਕਰਨਾਟਕ ਵਿਚ ਹੋਇਆ। ਇਸ ਦਾ ਦੂਜਾ ਨਾਂ ਕਰਨਾਟਕੀ ਦੱਸਦੇ ਹਨ, ਜਿਹੜਾ ਵਿਗੜ ਕੇ ਕਾਨੜਾ ਸਦਵਾਇਆ ਜਾਣ ਲੱਗ ਪਿਆ। ਕਿਉਂਕਿ ਅਕਬਰ ਨੂੰ ਇਹ ਰਾਗ ਬਹੁਤ ਪਸੰਦ ਸੀ, ਅਤੇ ਉਸਦੇ ਦਰਬਾਰ ਵਿਚ ਆਮ ਗਾਇਆ ਜਾਂਦਾ ਸੀ, ਇਸ ਲਈ ਉਸ ਦੇ ਆਖੇ ਤੇ ਇਸ ਦਾ ਨਾਂ ਦਰਬਾਰੀ ਰੱਖ ਦਿੱਤਾ ਗਿਆ। ਇਹ ਰਾਗ ਅਲਾਪ ਦੇ ਕਾਬਲ ਹੈ ਅਤੇ ਰਾਤ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ। ਇਸ ਨੂੰ ਵਿਲੰਬਤ ਲੈਅ ਵਿਚ ਗਾਈਏ ਤਾਂ ਹੀ ਮਜ਼ਾ ਆਉਂਦਾ ਹੈ ਅਤੇ ਤਾਂ ਹੀ ਇਹ ਦਰਬਾਰ ਦਾ ਸਹੀ ਮਾਹੌਲ ਪੈਦਾ ਕਰਦਾ ਹੈ।

ਲੇਖਕ ਪਾਕਿਸਤਾਨੀ ਇਕ ਕਿਰਤ ਹਮਾਰੀ ਮੌਸੀਕੀ-ਏਕ ਤੁਆਰੁੱਫ' (1961) ਵਿਚ ਖਾਦਮ ਮੁਹੀਉਦੀਨ ਦੇ ਛਪੇ ਇਕ ਲੇਖ ਵਿਚਲੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਦਰਬਾਰੀ ਦਾ ਪਹਿਲਾ ਨਾਂ 'ਕਰਨਾਟਕ' ਸੀ। ਸਗੋਂ ਕਰਨਾਟਕੀ ਦਰਬਾਰੀ ਬਣਿਆ।

ਦੂਜਾ ਰਾਗ, ਜਿਹੜਾ ਉਸਦੇ ਨਾਂ ਨਾਲ ਜੋੜਿਆ ਜਾਂਦਾ ਹੈ, ਮੀਆਂ ਕੀ ਟੋਡੀ ਸੀ, ਜਿਹੜਾ ਦਿਨ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ:-

ਮੀਆਂ ਕੀ ਮਲ੍ਹਾਰ ਵੀ ਉਸ ਦਾ ਮਹਿਬੂਬ ਰਾਗ ਸੀ, ਜਿਹੜਾ ਕਾਫੀ ਠਾਠ ਦਾ ਰਾਗ ਹੈ ਅਤੇ ਵਰਖਾ ਰੁੱਤ ਵਿਚ ਅੱਧੀ ਰਾਤ ਨੂੰ ਖ਼ੂਬ ਠੱਠ ਬੰਨ੍ਹਦਾ ਹੈ।

ਏਸੇ ਤਰ੍ਹਾਂ ਮੀਆਂ ਕੀ ਸਾਰੰਗ ਵੀ ਉਸਦਾ ਆਪਣਾ ਅਤੇ ਕਬਜ਼ੇ ਦਾ ਰਾਗ ਸੀ। ਇਹ ਵੀ ਕਾਫੀ ਠਾਠ ਦਾ ਰਾਗ ਸੀ ਅਤੇ ਮੀਆਂ ਮਲ੍ਹਾਰ ਨਾਲ ਮਿਲਦਾ ਜੁਲਦਾ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਇਕ ਅੰਗਰੇਜ਼ ਲਿਖਾਰੀ ਮਿਸਟਰ ਪੋਪਲੇ, ਤਾਂ ਏਥੋਂ ਤਕ ਵੀ ਲਿਖਦਾ ਹੈ ਕਿ ਉਸ ਨੇ ਰਬਾਬ ਦੀ ਕਾਢ ਵੀ ਕੱਢੀ। ਐਡੇ ਵੱਡੇ ਕਲਾਕਾਰ ਲਈ ਇਹ ਕੋਈ ਅਸਚਰਜਤਾ ਵਾਲੀ ਤਾਂ ਨਹੀਂ, ਫਿਰ ਵੀ ਇਹ ਸਾਜ਼ ਉਸ ਤੋਂ ਪਹਿਲਾਂ ਦੀ ਕਾਢ ਹੈ। ਹਾਂ, ਇਹ ਹੋ ਸਕਦਾ ਹੈ ਕਿ ਉਸ ਨੇ ਇਸ ਵਿਚ ਕੋਈ ਮਾੜੀ ਮੋਟੀ ਤਰਮੀਮ ਕੀਤੀ ਜਾਵੇ।

ਉਹ ਕਿੱਡਾ ਕੁ ਮਹਾਨ ਕਲਾਕਾਰ ਸੀ, ਸੂਰ ਦਾਸ ਦੇ ਇਸ ਦੋਹੇ ਤੋਂ ਹੀ ਪਤਾ ਲੱਗ ਜਾਂਦਾ ਹੈ:

ਭਲੋ ਭਯੋ ਵਿਧੀ ਨਾਂ ਦੀਏ, ਸ਼ੇਸ ਨਾਗ ਕੋ ਕਾਨ
ਧਾਰਾ ਮੇਰੁ ਸਭ ਡੋਲਤੇ, ਤਾਨ ਸੈਨ ਕੀ ਤਾਨ

ਅਰਥਾਤ : ਚਲੋ ਭਈ ਚੰਗਾ ਹੋਇਆ ਕੁਦਰਤ ਨੇ ਸ਼ੇਸ਼ ਨਾਗ ਨੂੰ ਕੰਨ ਨਹੀਂ ਦਿੱਤੇ। ਤਾਨਸੈਨ ਦੀ ਤਾਨ ਨਾਲ ਤਾਂ ਪਾਣੀ ਅਤੇ ਪਹਾੜੀ ਵੀ ਡੋਲ ਜਾਂਦੇ ਹਨ।

**ਸੰਗੀਤ ਵਿਚ ਤਾਸੀਰ:**

ਸਾਡੇ ਮੱਧਕਾਲ ਦੇ ਕੁਝ ਗਾਇਕਾਂ, ਖਾਸ ਕਰਕੇ ਤਾਨ ਸੈਨ ਅਤੇ ਬੈਜੂ ਬਾਵਰੇ ਹੋਰਾਂ ਬਾਰੇ ਇਹੋ ਜਿਹੀਆਂ ਕਈ ਗੱਲਾਂ ਪ੍ਰਚਲਿਤ ਹਨ ਕਿ ਉਹ ਕਲਾਕਾਰ ਕਾਹਦੇ ਸਨ, ਜਾਦੂਗਰ ਸਨ, ਜਿਹਨਾਂ ਦਾ ਪੁਰਾਤਨ ਸੰਗੀਤ ਦੀਵਿਆਂ ਨੂੰ ਜਗਾ ਸਕਦਾ ਸੀ। ਜਾਂ ਮੀਂਹ ਵਰ੍ਹਾ ਸਕਦਾ ਸੀ। ਕੁਝ ਬੰਦਿਆਂ ਦੇ ਵਿਸ਼ਵਾਸ ਅਨੁਸਾਰ ਤਾਨਸੈਨ ਨੂੰ ਉਸ ਦੇ ਮੁਰਸ਼ਦ ਪੀਰ ਮੁਹੰਮਦ ਗੌਸ ਨੇ ਉਸ ਨੂੰ ਆਪਣੀ ਕਰਾਮਾਤ ਦੁਆਰਾ ਇਕ ਵੇਰ ਗਾਉਂਦਾ ਕੁਕਨੂਸ ਪੰਛੀ ਵਿਖਾ ਦਿੱਤਾ ਸੀ। ਜਿਸ ਤੋਂ ਉਸ ਨੇ ਸੁਰਾਂ ਦੀ ਮੇਘ ਅਤੇ ਦੀਪਕ ਨਕਲ ਕਰਕੇ, ਉਹਨਾਂ ਨੂੰ ਇਕ ਧਰੁਪਦ ਵਿਚ ਬੰਨ੍ਹ ਲਿਆ ਸੀ। ਇਹਨਾਂ ਰਾਗਾਂ ਨੂੰ ਉਹ ਫਿਰ ਉਸੇ ਪੰਛੀ ਵਾਂਗ ਗਾਉਂਦਾ ਹੁੰਦਾ ਸੀ, ਜਿਸ ਨਾਲ ਮੀਂਹ ਵਰ੍ਹਨ ਲੱਗ ਜਾਂਦਾ ਸੀ ਜਾਂ ਅੱਗ ਸੁਲਗ ਜਾਂਦੀ ਸੀ। ਸਾਇੰਸ ਦੇ ਇਸ ਜੁਗ ਵਿਚ ਕਈ ਬੰਦੇ ਇਹੋ ਜਹੀਆਂ ਗੱਲਾਂ ਵਿਚ ਉੱਕਾ ਯਕੀਨ ਨਹੀਂ ਕਰਦੇ।

ਇਸ ਗੱਲ ਬਾਰੇ ਮੈਂ ਕਈ ਵੇਰ ਸੋਚਿਆ ਹੈ ਕਿ ਅਸੀਂ ਅਜਬ ਦੌਰ ਵਿਚ ਦੀ ਲੰਘ ਰਹੇ ਹਾਂ। ਅਸੀਂ ਕਿਸੇ ਸਪੇਰੇ ਨੂੰ ਸੱਪ ਕੱਢਦਿਆਂ ਦੇਖਕੇ, ਜਾਂ ਕਿਸੇ ਮਦਾਰੀ ਦੀਆਂ ਦਿਮਾਗੀ ਜਾਂ ਦਸਤੀ ਕਲਾਬਾਜ਼ੀਆਂ ਨੂੰ ਕਿਸੇ ਮਿਸਮਰੇਜ਼ਮ ਵਾਲੇ ਦੇ ਕ੍ਰਿਸ਼ਮੇ ਵੇਖ ਸੁਣ ਕੇ ਝਟ ਯਕੀਨ ਕਰ ਲੈਂਦੇ ਹਾਂ, ਪਰ ਉਹੋ ਜਹੇ ਬੰਦੇ, ਜਿਹਨਾਂ ਨੇ ਆਪਣੀ ਸਾਰੀ ਉਮਰ ਕਮਾਈ ਕੀਤੀ, ਉਹਨਾਂ ਤੇ ਘੋਰ ਸ਼ੱਕ ਕਰਦੇ ਹਾਂ।

ਖੈਰ ਆਪਣੇ ਆਪਣੇ ਵਿਚਾਰ ਹਨ, ਪਰ ਮੈਨੂੰ ਇਸ ਬਾਰੇ ਸ਼ੱਕ ਨਹੀਂ ਹੈ ਕਿਉਂਕਿ ਪੁਰਾਣੇ ਸਮੇਂ ਦੇ ਗਾਇਕ ਨਿਰਾ ਪੁਰਾ ਮਾੜੇ ਮੋਟੇ ਗਵੱਈਏ ਹੀ ਨਹੀਂ ਸਨ, ਸਗੋਂ ਨਾਲ ਨਾਲ ਤਾਂਤ੍ਰਕ ਯੋਗੀ ਵੀ ਸਨ। ਇਸ ਸਮੇਂ ਦੀਆਂ ਸਾਨੂੰ ਕੁਝ ਧਰੁਪਦਾਂ ਐਸੀਆਂ ਵੀ ਮਿਲ ਜਾਂਦੀਆਂ ਹਨ, ਜਿਹਨਾਂ ਵਿਚ ਯੋਗ-ਸਿੱਧੀ ਦੇ ਸਾਧਨ ਦਰਜ ਹਨ। ਮਿਸਾਲ ਵਜੋਂ ਨਾਇਕ ਗੁਪਾਲ ਦਾ ਇਕ ਧਰੁਪਦ

ਵੇਖੋ, ਜਿਹੜਾ 'ਬਿਹਾਗ' ਰਾਗ ਵਿਚ ਹੈ:-

ਸੁਰਤ ਤੋਂ ਗਿਆਨ ਜੀਵਨ
ਮੁਕਤੀ ਤੋਂ ਰੂਪ ਸਾਧੇ,
ਤੱਥ ਪਾਵੇ ਗਿਆਨ ਕੋ ਮਰਮ
ਗੁਨੀ ਜਨ ਸੁਨੋ ਪਰਮਾਨ।
ਜੀਵ ਚਿੱਤ ਫਿਰੇ ਤਬ ਚਿੱਤ
ਪਾਵਕ ਮੇਂ ਪਰਵੇਸ਼ ਕਰੇ,
ਦੇਹ ਵਾਯੂ ਕੋ ਲੈ ਜਾਏ,
ਬ੍ਰਹਮ ਗ੍ਰੰਥੀ ਕਰਕੇ ਸਮਾਨ।

ਜੇ ਉਹੋ ਜਹੇ ਉੱਚੇ ਸੁੱਚੇ ਯੋਗੀਆਂ ਲਈ, ਜਿਹਨਾਂ ਨੇ ਇਸ ਵਿੱਦਿਆ ਦੀ ਸਾਧਨਾ ਪੂਰਨ ਯੋਗੀਆਂ ਵਾਂਗ ਕੀਤੀ, ਉਹਨਾਂ ਲਈ ਏਹੋ ਜਿਹੀਆਂ ਗੱਲਾਂ ਕੀ ਔਖੀਆਂ ਹਨ।

ਸਾਡੇ ਇਸ ਦੌਰ ਵਿਚ ਵੀ ਏਹੋ ਜਿਹੀਆਂ ਕੁਝ ਗੱਲਾਂ ਵੇਖਣ ਵਿਚ ਆਈਆਂ ਹਨ, ਜਿਹਨਾਂ ਤੋਂ ਕਈ ਬੰਦਿਆਂ ਦਾ ਸ਼ੱਕ ਜੇ ਪੂਰਾ ਮਿਟਦਾ ਨਹੀਂ, ਤਾਂ ਘੱਟ ਜ਼ਰੂਰ ਜਾਂਦਾ ਹੈ।

ਵੱਧ ਨਹੀਂ ਤਾਂ ਇਹਨਾਂ ਕਹਾਣੀਆਂ ਦੇ ਅਰਥ ਪ੍ਰਤੀਕ ਰੂਪ ਵਿਚ ਜ਼ਰੂਰ ਲਏ ਜਾ ਸਕਦੇ ਹਨ। ਇੰਝ ਇਹ ਰਾਗ ਦੇ ਜੀਵ ਆਤਮ ਉੱਪਰ ਪ੍ਰਭਾਵ ਦੇ ਤਾਨ ਸੈਨ ਦੀ ਕਲਾ ਨਿਪੁੰਨਤਾ ਦੇ ਚਿੰਨ੍ਹ ਮੰਨੀਆਂ ਜਾ ਸਕਦੀਆਂ ਹਨ।

ਤਾਨਸੇਨ ਤੇ ਨੁਕਤਾ ਚੀਨੀ:-

ਅਸ਼ੀਰਬਾਦੀ ਲਾਲ ਸ੍ਰੀ ਵਾਸਤਵ, ਆਪਣੀ ਕਿਤਾਬ, 'The Mughal Empire, ਦੇ ਸਫਾ 552 ਤੇ ਲਿਖਦਾ ਹੈ, Accoding to some Critics Tan Sen falsified the ragas of which two, Hindol and Megh, have disappred completely since his day.' ਭਾਵ ਇਹ ਕਿ ਉਸਨੇ ਕਈ ਰਾਗਾਂ ਨੂੰ ਵਿਗਾੜਿਆ, ਜਿਹਨਾਂ ਵਿਚੋਂ ਹਿੰਡੋਲ ਅਤੇ ਮੇਘ ਤਾਂ ਉੱਕੇ ਹੀ ਅਲੋਪ ਹੋ ਗਏ ਹਨ।

ਦੱਸਿਆ ਜਾਂਦਾ ਹੈ ਕਿ ਅਕਬਰ ਦੇ ਸਮੇਂ ਇਕ ਉਸਤਾਦ ਹੁਸੈਨ ਖਾਂ 'ਤਾਨਤੋੜ' ਦਿੱਲੀ ਵਾਲਾ ਸੀ। ਜਿਸ ਨੇ ਇਹ ਗੱਲ ਧਮਾਉਣ ਦੀ ਕੋਸ਼ਿਸ਼ ਕੀਤੀ ਕਿ ਬੈਜੂ ਬਾਵਰਾ ਉਸਦਾ ਸ਼ਾਗਿਰਦ ਹੈ। ਉਸ ਗਾਇਕ ਨੇ ਤਾਨਸੈਨ ਨੂੰ ਸਾਰੀ ਉਮਰ ਹੀ ਨਹੀਂ ਮੰਨਿਆ। ਉਸ ਦਾ ਸਭ ਤੋਂ ਵੱਡਾ ਇਹ ਗਿਲਾ ਸੀ ਕਿ ਇਹ ਗਵੱਈਆ ਕਈ ਰਾਗਾਂ ਨੂੰ ਐਵੇਂ ਵਿਗਾੜੀ ਜਾਂਦਾ ਹੈ। ਦੱਸਦੇ ਹਨ ਕਿ ਇਕ ਵੇਰ ਕੁਝ ਸਿਪਾਹੀਆਂ ਨੇ ਉਸਨੂੰ ਇਹ ਗੱਲ ਕਹਿ ਕੇ ਕਿ ਮੀਆਂ ਤਾਨਸੈਨ ਕੁਝ ਨਵੇਂ ਰਾਗ ਬਣਾ ਰਹੇ ਹਨ, ਉਸਨੂੰ ਚੁੱਪ ਕਰਾਉਣ ਦਾ ਯਤਨ ਕੀਤਾ। ਅੱਗੋਂ ਉਹ ਉਹਨਾਂ ਨੂੰ ਟੁੱਟ ਕੇ ਪਿਆ:-

"ਕਹੀਂ ਕੀ ਈਂਟ ਕਹੀਂ ਕਾ ਰੋੜਾ;
ਭਾਨਮਤੀ ਨੇ ਕੁਨਬਾ ਜੋੜਾ।

'ਬਸ ਏਹੀ ਤਾਨਸੇਨ ਹੈ ਨਾ? ਏਧਰੋਂ ਉਧਰੋਂ ਚੀਜ਼ ਤੋੜ ਮਰੋੜ ਕੇ, ਕੁਝ ਨਵੀਆਂ ਚੀਜ਼ਾਂ ਬਣਾ ਲੈਣੀਆਂ।"

ਉਸ ਬਾਰੇ ਕੁਝ ਹੋਰ ਲੋਕੀਂ, ਏਥੋਂ ਤਕ ਵੀ ਕਹਿਣ ਲੱਗ ਪਏ ਹਨ:-

ਤਾਨ ਸੈਨ ਕੀ ਤਾਨ ਮੇਂ, ਸਭੀ ਤਾਨ ਗਲਤਾਨ
ਆਪਨੀ-ਆਪਨੀ ਤਾਨ ਮੇਂ, ਘੁਗੂ ਵੀ ਮਸਤਾਨ।

ਹੋਰ ਤਾਂ ਹੋਰ ਉਸ ਦੇ ਆਪਣੇ ਗੁਰੂ ਅਤੇ ਕਈ ਹੋਰ ਬੰਦਿਆਂ ਨੂੰ ਤਾਂ ਉਸ ਦੀ ਇਹ ਗੱਲ ਵੀ ਚੰਗੀ ਨਾ ਲੱਗੀ ਜਦੋਂ ਉਸ ਨੇ ਅਕਬਰ ਦਾ ਦਰਬਾਰੀ ਬਣ ਜਾਣਾ ਸਵੀਕਾਰ ਕੀਤਾ। ਮਅਦਨੁਲ ਮੌਸੀਕੀ ਦਾ ਕਰਤਾ ਵੀ ਆਪਣੀ ਕਿਰਤ ਦੇ ਇੱਕੀ ਸਫੇ ਤੇ ਲਿਖਦਾ ਹੈ, 'ਤਾਨ ਸੈਨ ਨੇ ਪੇਸ਼ਿ ਅਕਬਰ ਬਾਦਸ਼ਾਹ ਦਸਤ ਤਮਾਅ ਦਰਾਜ਼ ਕੀਆ ਲਹਿਜ਼ਾ ਹਰ ਤੌਰ ਕਾ ਤਖਲੁੱਲ ਪੜਾ ਔਰ ਖਰਾਬੀ ਹੋਰ ਗੋਨਾ ਵਾਕਿਆ ਹੁਈ।' ਵਾਜਿਦ ਅਲੀ ਸ਼ਾਹ ਨੇ ਤਾਂ ਉਸ ਨੂੰ ਇਸ ਤੋਂ ਵੀ ਵਧ ਕਰੜੇ ਸ਼ਬਦਾਂ ਨਾਲ ਨਿੰਦਿਆ।

ਉਸ ਦੇ ਬਣਾਏ ਹੋਏ ਰਾਗਾਂ ਬਾਰੇ, ਇਸ ਸਦੀ ਦਾ ਪੰਜਾਬ ਦਾ ਇਕ ਪ੍ਰਸਿੱਧ ਖਿਆਲੀਆ ਬੂਟਾ ਖਾਂ 'ਪ੍ਰੀਤਮ ਸ਼ਾਮ', ਇੰਝ ਕਹਿੰਦਾ ਹੁੰਦਾ ਸੀ, ਤਾਨ ਸੈਨ ਕਿਆ ਹੈ? ਦਰਬਾਰੀ ਬਣਾਇਆ ਕਿਆ ਦਰਬਾਰੀ ਹੈ? ਨਾ ਇਹ ਸਿੰਧੜਾ ਰਿਹਾ, ਨਾ ਕਾਫੀ।'

ਇਸ ਨਾਲੋਂ ਤਾਂ ਪਹਿਲਾਂ 'ਕਰਨਾਟਕੀ' ਹੀ ਅੱਛਾ ਸੀ। 'ਕਰਨਾਟਕੀ' ਤੋਂ ਹੀ ਕਾਨ੍ਹੜ ਬਣਿਆ।

ਉਸ ਦੇ ਦੂਜੇ ਰਾਗਾਂ ਬਾਰੇ ਵੀ, ਉਸ ਦੇ ਇਹੋ ਜਿਹੇ ਵਿਚਾਰ ਹੁੰਦੇ ਸਨ, 'ਜੇ ਅੱਜ ਤਾਨ ਸੈਨ ਜੀਊਂਦਾ ਹੁੰਦਾ ਤਾਂ ਅਸੀਂ ਸਵਾਲ ਕਰਦੇ, ਮੀਆਂ ਦੀ ਮਲ੍ਹਾਰ ਹੋ ਹੀ ਨਹੀਂ ਸਕਦੀ। ਉਹ ਸਾਰੇ ਦਰਬਾਰੀ ਹਨ।'

ਏਥੇ ਸ਼ਾਮ ਜੀ ਵੀ ਉਖੜ ਗਏ ਲਗਦੇ ਹਨ ਅਤੇ ਕਿਸੇ ਟਪਲੇ ਦਾ ਸ਼ਿਕਾਰ ਹਨ ਕਿਉਂਕਿ ਮੀਆਂ ਦੀ ਮਲ੍ਹਾਰ ਤਾਂ ਬਹਾਰ ਨਾਲ ਰਲਦਾ ਮਿਲਦਾ ਹੈ। ਦਰਬਾਰੀ ਨਾਲ ਨਹੀਂ। ਇਹਨਾਂ ਦੋਹਾਂ ਰਾਗਾਂ ਦਾ ਤਾਂ ਠਾਠ ਹੀ ਉੱਕਾ ਬਦਲ ਜਾਂਦਾ ਹੈ। ਮੀਆਂ ਦੀ ਮਲ੍ਹਾਰ ਦਾ ਠਾਠ ਕਾਫੀ ਹੈ, ਜਦ ਕਿ ਦਰਬਾਰੀ ਦਾ ਠਾਠ ਆਸਾਵਾਰੀ ਹੈ।

ਹਾਂ ਉਂਜ ਪ੍ਰੀਤਮ ਸ਼ਾਮ ਹੋਰੀਂ ਇਹ ਗਿਲਾ ਕਰ ਸਕਦੇ

ਸਨ ਕਿ ਮੀਆਂ ਦੀ ਮਲ੍ਹਾਰ ਵਿਚ ਸਾਰੇ ਸੁਰ ਬਹਾਰ ਦੇ ਹਨ। ਬਹਾਰ ਪਿੱਛੋਂ ਮੀਏ ਦੀ ਮਲ੍ਹਾਰ ਜਾਂ ਮਲ੍ਹਾਰ ਪਿੱਛੋਂ ਬਹਾਰ ਗਾਉਣੀ ਗਾਇਕ ਲਈ ਬਹੁਤ ਮੁਸ਼ਕਲ ਪੈ ਜਾਂਦੀ ਹੈ। ਇਹ ਰਾਗ ਇਕ ਦੂਜੇ ਵਿਚ ਵੜਦੇ ਜਾਪਦੇ ਹਨ ਕਿਉਂਕਿ ਇਹ ਵੀ ਕਾਫੀ ਠਾਠ ਦਾ ਹੈ ਅਤੇ ਉਹ ਵੀ ਕਾਫੀ ਠਾਠ ਦਾ ਸਿਰਫ ਚਾਲ ਵਿਚ ਫਰਕ ਹੈ।

ਪ੍ਰੀਤਮ ਸ਼ਾਮ ਦੇ ਹੀ ਕਥਨ ਅਨੁਸਾਰ, ਉਸ ਕੋਲੋਂ ਮੀਆਂ ਕੀ ਟੋਡੀ ਵੀ ਨਹੀਂ ਬਣੀ। ਉਸ ਨੇ ਪਹਿਲੀ (ਸ਼ੁੱਧ) ਟੋਡੀ 'ਰੇ ਗਾ, ਰੇ ਸਾ' ਵਿਚ ਵਾਧਾ ਕਰਕੇ, ਮੀਆਂ ਕੀ ਟੋਡੀ ਬਣਾ ਦਿੱਤੀ। ਗੁਜਰੀ ਫੇਰ ਓਦਾਂ ਰਹੀ।

ਪੰਜਾਬ ਦੇ ਇਕ ਪ੍ਰਸਿੱਧ ਸਾਰੰਦਾ ਨਵਾਜ਼ ਭਾਵੜਾ ਆਜ਼ਮ ਸ਼ਾਹ (ਜਿਸਦੇ ਨਾਂ ਤੇ ਫੀਰੋਜ਼ਪੁਰ ਫਾਜ਼ਲਕਾ ਰੇਲਵੇ ਲਾਈਨ ਦੇ ਦੂਜੇ ਸਟੇਸ਼ਨ ਡੇਢ ਤੋਂ ਡੇੜ੍ਹ ਕੁ ਮੀਲ ਦੀ ਵਿੱਥ ਤੇ, ਇਕ ਪਿੰਡ ਵਸਦਾ ਹੈ) ਨੂੰ ਰਾਗ ਦਰਬਾਰੀ ਬਾਰੇ ਇਹ ਗਿਲਾ ਸੀ ਕਿ ਉਸ ਨੂੰ ਇਸ ਵਿਚੋਂ ਹਿੰਦੂ ਅੰਗ ਦੀ ਬੂ ਆਉਂਦੀ ਹੈ। ਜਦੋਂ ਇਸ ਰਾਗ ਦਾ ਅਸਲਾ ਹੀ ਹਿੰਦੂ ਹੈ ਅਤੇ ਜਦੋਂ ਬਣਾਉਣ ਵਾਲੇ ਦੀ ਸਾਰੀ ਵਿੱਦਿਆ ਹਿੰਦੂ ਪ੍ਰਥਾ ਮੁਜਬ ਹੋਈ, ਉਦੋਂ ਇਸ ਰਾਗ ਦੀ ਮਹਿਕ ਫਿਰ ਕਿਉਂ ਨਾ ਇਹੋ ਜਹੀ ਹੁੰਦੀ।

ਇਸ ਤਰ੍ਹਾਂ ਨਾਲ ਇਸ ਮਹਾਨ ਗਾਇਕ ਬਾਰੇ ਕਈ ਵੇਰ ਮਾੜਾ ਪਤਲਾ ਵਾਦ ਵਿਵਾਦ ਭੀ ਚਲਦਾ ਰਿਹਾ ਹੈ, ਫਿਰ ਵੀ ਅਸਲ ਗੱਲ ਇਹੀ ਹੈ ਕਿ ਇਹਨਾਂ ਸਭਨਾ ਗੱਲਾਂ ਦੇ ਬਾਵਜੂਦ ਇਸ ਕਲਾਕਾਰ ਦਾ ਰੁਤਬਾ ਬਹੁਤ ਬੁਲੰਦ ਹੈ। ਉਸ ਦੇ ਰਾਗਾਂ ਦੇ ਨਾਲ ਸ਼ਬਦ 'ਮੀਆਂ ਵੀ ਉਸਦੀ ਉਚਤਾ ਵਜੋਂ ਹੀ ਲਾਇਆ ਜਾਂਦਾ ਹੈ।

**ਉਸ ਦੌਰ ਦੇ ਸਰੋਤੇ :** ਉਸ ਦੌਰ ਦੇ ਸਰੋਤੇ, ਜਿਹੜੇ ਐਡੇ ਵੱਡੇ ਗਵੱਈਏ ਤੇ ਵੀ ਕਈ ਵੇਰ ਇੰਨੇ ਖੁਸ਼ ਨਹੀਂ ਸਨ ਹੁੰਦੇ, ਆਖਰ ਉਹ ਕਿਹੋ ਜਿਹੇ ਸਨ। ਇਸ ਗੱਲ ਵੱਲ ਵੀ ਥੋੜ੍ਹਾ ਜਿਹਾ ਕਿਆਸ ਦੁੜਾਉਣਾ ਚਾਹੀਦਾ ਹੈ।

ਉਦੋਂ ਸਰੋਤਿਆਂ ਦਾ ਪੱਧਰ ਕਿਹੋ ਜਿਹਾ ਸੀ ਇਸ ਦਾ ਅੰਦਾਜ਼ਾ ਸਾਨੂੰ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਕ ਵੇਰ ਅਕਬਰ ਜਦੋਂ ਸ਼ੇਖ ਮੁਬਾਰਕ ਨਾਗਵਰੀ ਨੂੰ ਮਿਲਿਆ ਤਾਂ ਉਸਨੇ ਆਖਿਆ, 'ਮੇਰੇ ਦਰਬਾਰ ਵਿਚ ਸੰਗੀਤ ਦੇ ਐਡੇ ਐਡੇ ਉੱਚੇ ਕਲਾਕਾਰ ਹਨ ਕਿ ਜਿਹਨਾਂ ਕਾ ਕੋਈ ਜਵਾਬ ਹੀ ਨਹੀਂ।' ਮੈਂ ਤੁਹਾਨੂੰ ਕਦੇ ਉਹਨਾਂ ਦਾ ਜਲਵਾ ਜ਼ਰੂਰ ਵਿਖਾਵਾਂਗਾ।'

ਇਸ ਪੁਰ ਸ਼ੇਖ ਨੇ ਜਵਾਬ ਦਿੱਤਾ ਕਿ ਜ਼ਰੂਰ! ਕੁਝ ਸਮਾਂ ਪਾ ਕੇ ਉਸ ਨੇ ਮੀਆਂ ਤਾਨ ਸੈਨ, ਸ਼ੇਖ ਮੌਜੂ ਅਤੇ ਦੂਜੇ ਹੋਰ ਕਲੌਤਾਂ (ਕਲਾਵੰਤਾਂ) ਨੂੰ ਉਸ ਦੇ ਘਰ ਭੇਜਿਆ, ਤਾਂ ਜੋ ਸ਼ੇਖ ਨੂੰ ਉਹ ਕੁਝ ਸੁਣਾ ਆਉਣ। ਉਹ ਉੱਥੇ ਪੁਜ ਗਏ। ਟਹਿਲ ਸੇਵਾ ਤੋਂ ਬਾਅਦ ਮਹਿਫਲ ਜੰਮ ਗਈ। ਪਹਿਲਾਂ ਮੌਜੂ ਅਤੇ ਦੂਜੇ ਕਲਾਕਾਰਾਂ ਨੇ ਗਾਇਆ ਪਿੱਛੋਂ ਤਾਨ ਸੈਨ ਦੀ ਵਾਰੀ ਆਈ। ਸ਼ੇਖ ਮੁਬਾਰਕ ਨੇ ਉਸ ਨੂੰ ਮੁਖਾਤਿਬ ਕਰਦਿਆਂ ਕਿਹਾ, 'ਸੁਨੀਦਮ ਤੂੰ ਹਰ ਚੀਜ਼ ਮੇਤਵਾਨੀ ਗੁਫਤ ਅਰਥਾਤ ਸੁਣਿਆ ਹੈ ਕਿ ਤੂੰ ਵੀ ਕੁਝ ਗਾ ਸਕਦਾ ਹੈ।

ਇਸ ਉੱਪਰ ਮੀਆਂ ਮੁਸਕਰਾ ਪਿਆ ਅਤੇ ਗਾਉਣ ਲੱਗ ਪਿਆ। ਜਦੋਂ ਉਹ ਗਾ ਕੇ ਹਟਿਆ ਤਾਂ ਸ਼ੇਖ ਮੁਬਾਰਕ ਦਾ ਉਸ ਬਾਰੇ ਇਹ ਕਥਨ ਸੀ, ਹਾਂ, ਕੁਝ ਜਾਨਵਰਾਂ ਦੀ ਤਰ੍ਹਾਂ ਬੋਲੀਆਂ ਬੋਲ ਲੈਂਦੇ ਹੋ।'

ਉਸ ਆਲਮ ਫਕੀਰ ਦਾ ਸੰਗੀਤ ਸੁਆਦ ਕਿੰਨਾ ਪੱਕਾ ਹੋਇਆ ਹੋਵੇਗਾ। ਉਸ ਬੰਦੇ ਦਾ ਸੁਆਦ ਤਾਂ ਆਪੇ ਪੱਕਣਾ ਹੋਇਆ। ਜਿਹੜਾ ਬੇਹੂਦਾ ਚਸਕਿਆਂ ਤੋਂ ਉੱਪਰ ਉੱਠ ਕੇ ਸਾਗ ਨਾਲ ਕੇਵਲ ਬਾਜਰੇ ਅਤੇ ਮੱਕੀ ਦੀ ਰੋਟੀ ਖਾਂਦਾ ਸੀ ਅਤੇ ਵੱਧ ਤੋਂ ਵੱਧ ਕਦੀ ਬਾਸਮਤੀ ਦੇ ਚੌਲ।

ਉਸ ਤੋਂ ਛੁੱਟ ਜ਼ਮੀਨ ਖਾਂ ਕੋਕਾ ਵਰਗੇ ਰਾਗ-ਰਸੀਏ ਵੀ ਇਸ ਦੌਰ ਵਿਚ ਸਨ। ਦੱਸਿਆ ਜਾਦਾ ਹੈ ਕਿ ਉਸ ਨੇ ਕੁਝ ਨਵੇਂ ਸਾਜ਼ ਵੀ ਈਜਾਦ ਕੀਤੇ ਜਿਹਨਾਂ ਨੂੰ ਉਹ ਚੰਗੀ ਤਰ੍ਹਾਂ ਵਜਾ ਲੈਂਦਾ ਸੀ। 'ਆਈਨਿ ਅਕਬਰੀ' ਦੇ ਸਫੇ 367 ਤੇ ਉਸ ਦਾ ਜ਼ਿਕਰ ਤਾਂ ਜ਼ਰੂਰ ਆਉਂਦਾ ਹੈ, ਪਰ ਉਸ ਦੇ ਸਾਜਾਂ ਦੀ ਕਾਢ ਬਾਰੇ ਅਬੁਲ ਫਜ਼ਲ ਉੱਕਾ ਚੁੱਪ ਹੈ।

**ਕਲਾਕਾਰ ਦਾ ਅੰਤ :** ਇਹ ਮਹਾਨ ਕਲਾਕਾਰ 1562 ਤੋਂ ਲੈ ਕੇ ਆਪਣੇ ਆਖਰੀ ਦਮ ਦਕ ਅਕਬਰ ਦੇ ਦਰਬਾਰ ਵਿਚ ਰਿਹਾ। ਆਖਰ ਕਾਲ ਆ ਗਿਆ। ਅਬੁਲ ਫਜਲ ਦੇ ਕਥਨ ਅਨਬਸਾਰ 'ਚੂੰ ਫਿਤਰਤਿ ਮੁਸਤਕੀਮ ਵਾ ਜੋਹਰ ਕਾਬਲ ਦਾਸ਼ਤ ਬਾ ਦਾਮ ਮੁਲਾਜ਼ਮਤ ਦਾ ਹਜ਼ੂਰ ਬਿਸਾਤਿ ਨਿਸ਼ਾਤਿ ਸ਼ਹਿਨਸ਼ਾਹੀ ਤਰਬੀਰ ਯਾਫਤ' ਅਪ੍ਰੈਲ ਦੀ 22 ਤਾਰੀਖ ਨੂੰ 1589 ਵਿਚ ਇਸ ਮਹਾਨ ਕਲਾਕਾਰ ਦੀ ਦਿੱਲੀ ਵਿਚ ਮੌਤ ਹੋ ਗਈ। ਉਸ ਦੀ ਵਸੀਅਤ ਅਨੁਸਾਰ ਉਸ ਨੂੰ ਉਸਦੇ ਆਪਣੇ ਪੀਰੋ ਮੁਰਸ਼ਦ ਦੇ ਮਜ਼ਾਰ ਦੇ ਲਾਗੇ ਗਵਾਲੀਅਰ ਵਿਚ ਦਫਨਾਇਆ ਗਿਆ। ਉਸ ਦੇ ਮਜ਼ਾਰ ਤੇ ਇਕ ਤਖਤੀ ਜਿਹੜੀ ਮਹਿਕਮਾ ਅਸਾਰਿ ਕਦੀਮਾ ਨੇ ਲਾਈ ਹੋਈ ਹੈ, ਉਸ ਉੱਤੇ ਇਹ ਵਾਕ ਦਰਜ ਹਨ, 'ਤਾਨ. ਸੈਨ ਕੋ ਗਵਈਏ ਇਲਮਿ ਮੌਸੀਕੀ ਕਾ ਬਾਦਸ਼ਾਹ ਯਾ ਨਬੀ ਗਰਦਾਨਤੇ ਹੈ। ਆਪ ਨੇ ਇਲਮਿ ਮੌਸੀਕੀ ਕੀ ਤਾਲੀਮ

ਗਵਾਲੀਅਰ ਕੇ ਮਦਰਸਾ ਮੌਸੀਕੀ ਮੇਂ ਹਾਸਲ ਕੀ। ਯੇ ਮਦਰਸਾ ਰਾਜਾ ਮਾਨ ਸਿੰਘ ਤਨਵਰ (ਤੋਮੜ) ਨੇ ਕਾਇਮ ਕੀਆ ਥਾ। ਕੁੱਛ ਅਰਸੇਂ ਤੱਕ ਆਪ ਰਿਆਸਤ ਰੀਵਾ ਕੇ ਰਾਜਾ ਰਾਮ ਚੰਦਰ ਕੇ ਦਰਬਾਰ ਮੇਂ ਰਹੇ। ਜਿਨ ਸੇ ਬਾਦਸ਼ਾਹ ਅਕਬਰ ਨੇ ਆਪ ਕੋ ਮਾਂਗ ਲੀਆ। ਦਰਬਾਰ ਕੇ ਨੌ ਰਤਨੋਂ ਮੇਂ ਆਪ ਬਹੁਤ ਮੁਮਤਾਜ਼ ਥੇ। ਕਹਿਤੇ ਹੈਂ ਕਿ ਆਪ ਅੱਛਾ ਗਵਈਆ ਹਿੰਦੁਸਤਾਨ ਮੇਂ ਆਜ ਤੱਕ ਨਹੀਂ ਹੂਆ।'

ਉਸਦੇ ਮਜ਼ਾਰ ਤੇ ਹਰ ਸਾਲ ਅੱਜ ਵੀ ਉਰਸ ਲੱਗਦਾ ਹੈ ਅਤੇ ਦੇਸ਼ ਭਰ ਦੇ ਗਵੱਈਏ ਇਸ ਥਾਂ ਜ਼ਿਆਰਤ ਨੂੰ ਆਉਂਦੇ ਹਨ। ਇਥੇ ਇਕ ਇਮਲੀ ਦਾ ਰੁੱਖ ਹੈ, ਜਿਸ ਦੇ ਪੱਤੇ ਜਾਂ ਮਾੜੀਆਂ ਪਤਲੀਆਂ ਟਹਿਣੀਆਂ ਵੀ ਕਈ ਗਵੱਈਏ ਇਸ ਲਈ ਖਾਂਦੇ ਹਨ ਤਾਂ ਜੋ ਇਸ ਗਾਇਕ ਦੀ ਅਸ਼ੀਰਵਾਦ ਸਦਕਾ, ਉਹਨਾਂ ਦਾ ਗਲ ਵਿਚ ਵੀ ਮਧੁਰਤਾ ਭਰ ਜਾਏ।

ਅਕਬਰੀ ਦੌਰ ਦੇ ਇਸ ਮਹਾਨ ਗਾਇਕ ਦਾ ਜੀਵਨ ਅੱਜ ਤੱਕ ਅਤਿਅੰਤ ਧੁੰਦ ਵਿਚ ਲਿਪਟਿਆ ਰਿਹਾ ਹੈ। ਉਸ ਦੇ ਸਮਕਾਲੀ ਲੇਖਕਾਂ ਨੇ ਸਾਡੇ ਵਾਸਤੇ ਐਨਾ ਕੁਝ ਪਿੱਛੇ ਨਹੀਂ ਛੱਡਿਆ, ਜਿਸ ਨਾਲ ਹਰੇਕ ਤਰ੍ਹਾਂ ਦੇ ਪਾਠਕਾਂ ਦੇ ਸ਼ੰਕੇ ਦੂਰ ਹੋ ਸਕਣ। ਇਸ ਲਈ ਹੁਣ ਦੇ ਦੌਰ ਦੇ ਖੋਜਕਾਰਾਂ ਦੇ ਕਦਮ ਪੈਰ-ਪੈਰ ਤੇ ਡਗਮਗਾਉਣੇ ਇਕ ਕੁਦਰਤੀ ਜਿਹੀ ਗੱਲ ਹੈ। ਫਿਰ ਵੀ ਸਾਨੂੰ ਖੁਸ਼ੀ ਹੈ ਕਿ ਸਾਡੇ ਦੇਸ਼ ਦੇ ਇਕ ਦੋ ਵਿਅਕਤੀਆਂ ਨੇ ਸਾਡੇ ਸੰਗੀਤ ਦੇ ਇਸ ਕੰਮ ਬਾਰੇ ਥੋੜ੍ਹਾ ਬਹੁਤ ਕੰਮ ਕੀਤਾ ਹੈ। ਸਾਨੂੰ ਐਨੇ ਨਾਲ ਸੰਤੁਸ਼ਟ ਨਹੀਂ ਰਹਿਣਾ ਚਾਹੀਦਾ। ਸਾਨੂੰ ਚਾਹੀਦਾ ਹੈ ਕਿ ਉਸ ਬਾਰੇ ਹੋਰ ਭਰਪੂਰ ਖੋਜ ਕਰੀਏ ਜਿਸ ਨਾਲ ਉਸ ਮਹਾਨ ਸੰਗੀਤਕਾਰ ਦੇ ਵਿਅਕਤਿਤਵ ਨਾਲ ਪੂਰਾ ਇਨਸਾਫ ਹੋ ਸਕੇ।

ਉਸ ਬਾਰੇ ਹੁਣ ਤੱਕ ਮਸਾਂ ਇਕ ਦੋ ਕਿਰਤਾਂ ਹੀ ਮਿਲਦੀਆਂ ਹਨ, ਉਹ ਵੀ ਦੂਰ ਤੁਹਾਡੇ ਜਾਂ ਦੇਸ਼ ਵਿਦੇਸ਼ਾਂ ਦੇ ਕੁਝ ਕੁ ਵੱਡੇ ਪੁਸਤਕਾਲਿਆਂ ਵਿਚ ਉਹਨਾਂ ਵਿਚੋਂ 'ਤਾਨਸੈਨ ਕੇ ਹਾਲਾਤ', ਉਰਦੂ ਦੀ ਇਕ ਕਿਤਾਬ ਮੁਹੰਮਦ ਦੀਨ ਫੌਕ ਨੇ ਲਿਖੀ ਸੀ, ਜਿਹੜੀ ਬ੍ਰਿਟਿਸ਼ ਮਿਊਜ਼ੀਅਮ ਵਿਚ ਵੀ ਨਹੀਂ ਹੈ। ਉਸ ਤੋਂ ਛੁੱਟ ਉਸ ਸਮੇਂ ਦੀਆਂ ਹਿੰਦੀ ਅਤੇ ਸੰਸਕ੍ਰਿਤ ਆਦਿ ਕਿਰਤਾਂ ਵਿੱਚ ਵੀ ਉਸ ਬਾਰੇ ਮਾੜਾ ਜਿਹਾ ਜਿਕਰ ਮਿਲ ਜਾਂਦਾ ਹੈ। 'ਸੰਗੀਤ ਸਮਰਾਟ ਤਾਨ ਸੈਨ ਪ੍ਰਭੂ ਦਿਆਲ ਮਿੱਤਲ ਅਤੇ ਠਾਕਰ ਜੈਦੇਵ ਸਿੰਘ ਇਹਨਾਂ ਦੋਹਾਂ ਨੇ ਵੀ ਪਿੱਛੇ ਜਹੇ ਕਿਤਾਬਚੇ ਜਹੇ ਛਾਪੇ ਸਨ, ਪਰ ਪਰਦੇਸ ਵਿਚ ਬੇਬਸੀ ਦੀ ਹਾਲਤ ਵਿਚ ਮੈਂ ਇਹਨਾਂ ਦੇ ਅਧਿਐਨ ਤੋਂ ਵਾਂਝਾ ਰਹਿ ਰਿਹਾ ਹਾਂ।

**ਕਲਾਕਾਰ ਦਾ ਬੰਸ :** ਮੀਆਂ ਤਾਨ ਸੈਨ ਦੇ ਘਰ ਚਾਰ ਪੁੱਤਰਾਂ ਅਤੇ ਇਕ ਧੀ ਨੇ ਜਨਮ ਲਿਆ ਜਿਹਨਾਂ ਦੇ ਨਾਂ ਸੂਰਤ ਸੈਨ, ਤਰੰਗ ਸੈਨ, ਬਿਲਾਸ ਖਾਂ ਅਤੇ ਸਰਸਵਤੀ ਸਨ। ਉਸ ਦੀ ਮੌਤ ਪਿੱਛੋਂ ਉਸੇ ਪਰਿਵਾਰ ਨੇ, ਉਸ ਦਾ ਨਾਂ ਜਿਊਂਦਾ ਰੱਖਿਆ। ਕਲਕੱਤਾ ਨਿਵਾਸੀ ਮਹਾਨ ਉਸਤਾਦ ਦਬੀਰ ਖਾਂ ਬੀਨਕਾਰ, ਜਿਸ ਦੀ ਪਿਛਲੇ ਸਾਲ ਦੀ ਮੌਤ ਹੋਈ, ਸਿੱਧਾ ਇਸ ਬੰਸ ਵਿਚੋਂ ਹੀ ਹੈ।

ਉਸ ਦੀ ਬੰਸ ਪਰੰਪਰਾ ਪਿੱਛੋਂ ਜਾ ਕੇ ਸੈਨੀ ਸਦਵਾਈ ਅਤੇ ਦੋ ਸ਼ਰੇਣੀਆਂ ਬੀਨਕਾਰ ਅਤੇ ਰਬਾਬੀਆਂ ਵਿਚ ਵੰਡੀ ਗਈ। ਕਿਉਂਕਿ ਉਸਦਾ ਪੁੱਤਰ ਬਿਲਾਸ ਖਾਂ, ਉਸ ਸਮੇਂ ਦਾ ਇਕ ਪ੍ਰਸਿਧ ਰਬਾਬੀ ਸੀ, ਉਸ ਰਬਾਬੀਏ ਅਖਵਾਈ ਅਤੇ ਉਸਦੀ ਪੁੱਤਰੀ ਆਪਣੇ ਸਮੇਂ ਦੀ ਇਕ ਮਹਾਨ ਬੀਨਕਾਰ ਹੋਣ ਕਾਰਨ ਜਿਹੜਾ ਬੰਸ ਉਧਰੋਂ ਤੁਰਿਆ ਬੀਨਕਾਰ ਸਦਵਾਇਆ।

*(ਅੰਮ੍ਰਿਤ ਕੀਰਤਨ, ਅਕਤੂਬਰ 1989)*

# ਬੀਬੀ ਨਾਨਕੀ-ਜਿਸ ਨੂਰ ਪਛਾਤਾ

ਮਨਮੋਹਨ ਸਿੰਘ ਦਾਊਂ

ਸਿੱਖ ਜਗਤ ਵਿਚ ਬੀਬੀ ਨਾਨਕੀ ਦਾ ਨਾਮ ਬਹੁਤ ਹੀ ਆਦਰਯੋਗ ਹੈ। ਸਿੱਖ-ਇਸਤਰੀ ਖੇਤਰ ਵਿਚ ਉਹ ਮੁੱਢਲੀ ਪ੍ਰਤਿਭਾਸ਼ਾਲੀ ਔਰਤ ਹੈ ਜਿਸ ਨੂੰ ਆਪਣੇ ਨਿਰੰਕਾਰੀ ਵੀਰ-ਬਾਬਾ ਨਾਨਕ ਦਾ ਪਹਿਲਾ ਸਿੱਖ ਹੋਣ ਦਾ ਰੁਤਬਾ ਮਿਲਿਆ। ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੀ ਸੁਘੜ, ਸਿਆਣੀ ਧੀ ਨਾਨਕੀ, ਰੱਬੀ-ਅਲੌਕਿਕਤਾ ਨੂੰ ਸਮਝਣ ਦੀ ਦਿੱਬ-ਦ੍ਰਿਸ਼ਟੀ ਰੱਖਦੀ ਸੀ।

ਲਾਹੌਰ ਜ਼ਿਲ੍ਹੇ ਦੀ ਸ਼ਰਕਪੁਰ ਨਾਂ ਦੀ ਤਹਿਸੀਲ ਵਿਚ ਰਾਇ ਭੋਇ ਦੀ ਤਲਵੰਡੀ ਨਾਮੇ ਨਗਰ ਜਿਸ ਨੂੰ ਹੁਣ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ ਉਥੇ ਮਹਿਤਾ ਸਿਉਰਾਮ ਬੇਦੀ ਆਪਣੀ ਪਤਨੀ ਬਨਾਰਸੀ ਸਮੇਤ ਰਹਿੰਦਾ ਸੀ। ਉਸ ਦੇ ਦੋ ਪੁੱਤਰ ਕਾਲੂ ਅਤਾ ਲਾਲੂ ਸਨ। ਕਾਲੂ ਰਾਮ ਦਾ ਵਿਆਹ ਮਾਝੇ ਦੇ ਇਕ ਨਗਰ ਵਿਚ ਰਹਿੰਦੇ ਰਾਮ ਚੰਦ ਖੱਤਰੀ ਦੀ ਸਪੁੱਤਰੀ ਤ੍ਰਿਪਤਾ ਨਾਲ ਹੋਇਆ। ਇਸ ਗ੍ਰਹਿਸਥੀ ਪਰਿਵਾਰ ਵਿਚ ਸੰਮਤ 1521 ਬਿਕ੍ਰਮੀ ਨੂੰ ਇਕ ਕੰਨਿਆ ਨੇ ਜਨਮ ਲਿਆ ਜਿਸ ਦਾ ਨਾਂ ਨਾਨਕੀ ਰੱਖਿਆ ਗਿਆ। ਨਾਨਕੀ ਜਨਮ ਤੋਂ ਹੀ ਸੁਸ਼ੀਲ ਅਤੇ ਸਿਆਣੀ ਸੀ। ਮਾਪਿਆਂ ਨੇ ਬੜੀਆਂ ਰੀਝਾਂ ਨਾਲ ਉਸ ਦਾ ਪਾਲਣ-ਪੋਸ਼ਣ ਕੀਤਾ। ਨਾਨਕੀ ਵੱਡੀ ਹੋਈ। ਉਹ ਘਰ ਦੇ ਹਰ ਕੰਮ ਵਿਚ ਮਾਂ ਦਾ ਹੱਥ ਵਟਾਉਂਦੀ। ਮਾਪਿਆਂ ਦਾ ਆਸਰਾ-ਸਰੂਪ ਬਣ ਗਈ। ਖੂਹ ਤੋਂ ਪਾਣੀ ਭਰ ਲਿਆਉਂਦੀ, ਭਾਂਡੇ ਮਾਂਜਦੀ, ਕੱਪੜੇ ਧੋਂਦੀ ਤੇ ਰਸੋਈ ਦੇ ਕੰਮ ਵਿਚ ਰੁਝ ਜਾਂਦੀ। ਘਰ ਦੇ ਕਾਰਜਕਾਰੀ ਕੰਮਾਂ ਵਿਚ ਨਿਪੁੰਨ ਹੋਣ ਕਾਰਨ, ਬੀਬੀ ਨਾਨਕੀ 'ਘਰ ਵਾਲੀ' ਬਣਨ ਦੇ ਲਾਇਕ ਹੋ ਗਈ।

ਗੁਰੂ ਨਾਨਕ ਦਾ ਜਨਮ ਸੰਮਤ 1526 ਬਿਕ੍ਰਮੀ ਨੂੰ ਹੋਇਆ। ਇਸ ਤਰ੍ਹਾਂ ਬੀਬੀ ਨਾਨਕੀ ਆਪਣੇ ਭਰਾ ਨਾਨਕ ਤੋਂ ਪੰਜ ਵਰ੍ਹੇ ਵੱਡੀ ਸੀ। ਉਹ ਆਪਣੇ ਭਰਾ ਨਾਨਕ ਨੂੰ ਖਿਡਾਉਂਦੀ ਤੇ ਪ੍ਰਸੰਨ ਹੁੰਦੀ। ਭਰਾ ਨੂੰ ਪੂਰਾ ਸੁਖੀ ਵੇਖਣਾ ਲੋਚਦੀ। ਭਰਾ ਰੋਂਦਾ ਤਾਂ ਆਪ ਵੀ ਰੋਣ ਲੱਗ ਪੈਂਦੀ। ਮਾਪੇ ਉਸ ਦੀ ਇਸ ਸੰਵੇਦਨਾ ਤੋਂ ਹੈਰਾਨ ਹੁੰਦੇ। ਮਹਿਤਾ ਕਾਲੂ ਦਾ ਸੁਭਾਅ ਸਖਤ ਸੀ। ਜਦੋਂ ਕਦੇ ਵੀ ਨਾਨਕ ਨੂੰ ਤਾੜਨਾ ਹੁੰਦੀ, ਨਾਨਕੀ ਆਪਣੇ ਪਿਤਾ ਅੱਗੇ ਆਪਣੇ ਵੀਰ ਦੀ ਹਾਮੀ ਭਰਨ ਲਈ ਕੁਰਬਾਨ ਜਾਂਦੀ। ਭੈਣ ਦਾ ਵੀਰ ਲਈ ਏਨਾ ਚੰਗਾ ਵਰਤਾਰਾ ਨਾਨਕੀ ਦੇ ਪਰ-ਉਪਕਾਰੀ ਸੁਭਾਅ ਦੀ ਉਪਮਾ ਯੋਗ ਹੈ।

ਬੀਬੀ ਨਾਨਕੀ ਦਾ ਵਿਆਹ, ਰਾਇ ਬੁਲਾਰ ਨੇ ਸੁਲਤਾਨਪੁਰ ਦੇ ਪਰਮਾਨੰਦ ਪਲਤਾ ਖੱਤਰੀ ਦੇ ਵੱਡੇ ਲੜਕੇ ਜੈ ਰਾਮ ਨਾਲ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ। ਮਹਿਤਾ ਕਾਲੂ ਨੇ ਰਾਇ ਬੁਲਾਰ ਜੋ ਖੁਦ ਪਟਵਾਰੀ ਸੀ, ਦੀ ਦੱਸ ਨੂੰ ਤਰਜੀਹ ਦਿੱਤੀ। ਰਾਇ ਬੁਲਾਰ, ਬੀਬੀ ਨਾਨਕੀ ਦੇ ਸੁੱਘੜ ਗੁਣਾਂ ਨੂੰ ਜਾਣਦਾ ਸੀ। ਜੈ ਰਾਮ ਬਤੌਰ ਪਟਵਾਰੀ ਇਲਾਕੇ ਵਿਚ ਚੰਗੀ ਸੋਭਾ ਪ੍ਰਾਪਤ ਕਰ ਚੁੱਕਿਆ ਸੀ। ਬੀਬੀ ਨਾਨਕੀ ਦਾ ਉੱਤਮ ਤੇ ਮਿਲਾਪੜਾ ਸੁਭਾਅ ਹੋਣ ਕਰ ਕੇ ਸਹੁਰੇ ਘਰ ਸ਼ਲਾਘਾ ਹੋਣ ਲੱਗੀ। ਬੀਬੀ ਨਾਨਕੀ ਦੀ ਦਿੱਬ-ਦ੍ਰਿਸ਼ਟੀ ਨੇ ਆਪਣੇ ਭਰਾ ਨਾਨਕ ਬਾਰੇ ਇਹ ਦੱਸ ਦਿੱਤਾ ਸੀ ਕਿ ਮੇਰਾ ਭਰਾ ਮਹਾਂ-ਪੁਰਖ ਹੈ, ਅਵਤਾਰੀ ਪੁਰਖ ਹੈ। ਜੋ ਮੂੰਹੋਂ ਬੋਲਦਾ ਹੈ, ਉਹ ਸੱਚ ਨਜ਼ਰ ਆਉਂਦਾ ਹੈ। ਇਸ ਗੱਲ ਦਾ ਅਹਿਸਾਸ ਰਾਇ ਬੁਲਾਰ ਨੂੰ ਵੀ ਹੋ ਗਿਆ ਸੀ।

ਗੁਰੂ ਨਾਨਕ ਦੇ ਅਲੌਕਿਕੀ ਸੁਭਾਅ ਕਾਰਨ, ਉਸ ਦੇ ਮਾਪੇ ਉਦਾਸ ਤੇ ਫਿਕਰਮੰਦ ਸਨ। ਉਹ ਉਹਨਾਂ ਨੂੰ ਕੋਈ ਕਾਰੇ ਲਾਉਣਾ ਚਾਹੁੰਦੇ ਸਨ ਤਾਂ ਜੋ ਕੋਈ ਚੰਗਾ ਰਿਸ਼ਤਾ ਹੋ ਸਕੇ। ਬੀਬੀ ਨਾਨਕੀ ਤੇ ਜੈ ਰਾਮ ਨਾਲ ਵਿਚਾਰ ਕਰ ਕੇ, ਉਹਨਾਂ ਨੂੰ ਸੁਲਤਾਨਪੁਰ ਭੇਜ ਦਿੱਤਾ। ਉੱਥੇ ਉਹਨਾਂ ਨੂੰ ਬੀਬੀ ਨਾਨਕੀ ਤੇ ਜੈ ਰਾਮ ਨੇ ਸੁਲਤਾਨਪੁਰ ਦੇ ਨਵਾਬ ਦੇ ਮੋਦੀਖਾਨੇ ਵਿਚ ਨੌਕਰੀ ਲੁਆ ਦਿੱਤਾ। ਇਥੇ ਗੁਰੂ ਨਾਨਕ ਦੇ ਪਰ-ਉਪਕਾਰੀ ਹੋਣ ਦੀਆਂ ਗੱਲਾਂ ਹੋਣ ਲੱਗੀਆਂ। ਇਥੇ ਰਹਿ ਕੇ ਗੁਰੂ ਨਾਨਕ ਨੂੰ ਵੇਈਂ ਨਦੀ 'ਚ ਇਸ਼ਨਾਨ ਕਰਦਿਆਂ ਨਿਰੰਕਾਰੀ-ਨੂਰ ਦੇ ਜਾਪ ਦਾ ਉਜਿਆਰਾ ਹੋਇਆ।

ਭਾਈ ਜੈ ਰਾਮ ਬੇਬੇ ਨਾਨਕ ਨੂੰ ਪੂਰਾ ਆਦਰ ਮਾਣ ਦਿੰਦੇ। ਬੇਬੇ ਨਾਨਕੀ ਦੀ ਤਰ੍ਹਾਂ ਜੈ ਰਾਮ ਵੀ ਨਾਨਕ ਜੀ ਨਾਲ ਪੂਰਾ ਸਨੇਹ ਕਰਦੇ। ਗੁਰੂ ਨਾਨਕ ਜੀ ਦੀ ਸ਼ਾਦੀ ਕਰਾਉਣ ਵਿਚ ਜੈ ਰਾਮ ਤੇ ਬੀਬੀ ਨਾਨਕੀ ਨੇ ਵਿਸ਼ੇਸ਼ ਉਪਰਾਲਾ ਕੀਤਾ। ਮੂਲਚੰਦ

ਪੱਖੋਂ ਕੇ ਰੰਧਾਵਿਆਂ ਦਾ ਪਟਵਾਰੀ ਸੀ ਜਿਸ ਦਾ ਘਰ ਬਟਾਲੇ ਸੀ। ਉਹਨਾਂ ਦੀ ਬੇਟੀ ਸੁਲੱਖਣੀ ਨਾਲ ਗੁਰੂ ਨਾਨਕ ਦੀ ਸ਼ਾਦੀ ਉਸ ਸਮੇਂ ਦੇ ਰਿਵਾਜ ਨਾਲ ਕੀਤੀ ਗਈ ਅਤੇ ਭੈਣ ਨਾਨਕੀ ਨੂੰ ਵਧਾਈਆਂ ਮਿਲੀਆਂ। ਜੰਞ ਵੀ ਸੁਲਤਾਨਪੁਰ ਤੋਂ ਚੜ੍ਹੀ ਅਤੇ ਵਾਪਸ ਵੀ ਸੁਲਤਾਨਪੁਰ ਆਈ। ਮਾਤਾ ਤ੍ਰਿਪਤਾ ਦੀ ਇੱਛਾ-ਅਨੁਸਾਰ ਨੂੰਹ-ਪੁੱਤ (ਸੁਲੱਖਣੀ-ਨਾਨਕ) ਤਲਵੰਡੀ ਆਏ ਤੇ ਮੁੜ ਕਾਰਗੁਜ਼ਾਰੀ ਲਈ ਸੁਲਤਾਨਪੁਰ ਰਹੇ। ਇਥੇ ਰਹਿੰਦਿਆਂ ਬੀਬੀ ਨਾਨਕੀ ਨੇ ਗੁਰੂ ਨਾਨਕ ਦੀ ਸੱਸ ਚੰਦੋਰਾਣੀ ਦੇ ਉਲਾਂਭੇ ਬੜੀ ਧੀਰਜ ਨਾਲ ਸੁਣੇ ਅਤੇ ਭਰੋਸਾ ਦੁਆਇਆ ਕਿ ਉਹਨਾਂ ਦੀ ਧੀ ਨੂੰ ਹਰ ਤਰ੍ਹਾਂ ਨਾਲ ਦਿਲਾਸਾ ਮਿਲੇਗਾ। ਬੀਬੀ ਨਾਨਕੀ ਨੇ ਆਪਣੇ ਭਰਾ ਨੂੰ ਗ੍ਰਹਿਸਥੀ ਵੱਲ ਪ੍ਰੇਰਿਆ ਅਤੇ ਉਲਾਂਭਿਆਂ ਨੂੰ ਦੂਰ ਕਰ ਵਿਖਾਇਆ।

ਗੁਰੂ ਨਾਨਕ ਦੇ ਸਾਥੀ ਮਰਦਾਨੇ ਨਾਲ ਬਚਪਨ ਤੋਂ ਹੀ ਦੋਸਤੀ ਸੀ। ਸੰਗੀਤ ਦੀ ਦਾਤ ਦੇ ਕੇ ਉਸ ਨੂੰ ਵਡਿਆਇਆ। ਪ੍ਰਭੂ ਦੇ ਜਾਪ ਦਾ ਉਪਦੇਸ਼ ਦੇਣ ਲਈ ਬੇਬੇ ਨਾਨਕੀ ਰਾਹੀਂ ਫਰਿੰਦੇ (ਫੇਰੂ) ਦੀ ਤਿਆਰ ਕੀਤੀ ਰਬਾਬ, ਗੁਰੂ ਨਾਨਕ ਨੇ ਆਪਣੇ ਸਾਥੀ ਰਬਾਬੀ ਮਰਦਾਨੇ ਨੂੰ ਭੇਟ ਕਰਵਾਈ। ਇਹ ਸ਼ਬਦ ਤੇ ਰਬਾਬ ਦੀ ਦੋਸਤੀ ਨੇ ਅਗੰਮੀ-ਬਾਣੀ ਰਾਹੀਂ-ਚਾਰੇ ਕੂੰਟਾਂ ਨੂੰ ਜਗਾਇਆ ਅਤੇ ਰੁਸ਼ਨਾਇਆ। ਇਹ ਅਨੂਠੀ ਰਸਮ ਸਿੱਖ-ਧਰਮ ਵਿਚ ਇਸਤਰੀ-ਜਾਤੀ ਅਤੇ ਭੈਣ-ਭਰਾ ਦੇ ਉੱਚਤਮ-ਪਵਿੱਤਰ ਰਿਸ਼ਤੇ ਦਾ ਇਤਿਹਾਸਕ ਪ੍ਰਕਰਣ ਹੈ। ਇਹ ਨਾਨਕੀ ਹੀ ਸੀ ਜਿਸ ਨੇ ਆਪਣੇ ਵੀਰ ਨਾਨਕ ਦੀ ਮਹਿਮਾ ਨੂੰ ਹਰ ਸਮਾਜਿਕ-ਗੁੰਝਲ ਸਮੇਂ ਵਡੱਤਣ ਪ੍ਰਦਾਨ ਕੀਤੀ। ਇਸੇ ਕਰਕੇ ਇਤਿਹਾਕਾਰ ਮੰਨਦੇ ਹਨ ਕਿ ਭੈਣ ਨਾਨਕੀ ਨੇ ਜਦੋਂ ਵੀ ਆਪਣੇ ਭਰਾ ਨਾਨਕ ਨੂੰ ਯਾਦ ਕੀਤਾ, ਉਸ ਨੇ ਭੈਣ ਦੇ ਸੱਚੇ ਤੇ ਸੁੱਚੇ ਪਿਆਰ ਨੂੰ ਪ੍ਰਮੁੱਖਤਾ ਦੇ ਕੇ ਭੈਣ ਦੇ ਬੋਲਾਂ ਦੀ ਕਦਰ ਪਾਈ।

ਬੇਬੇ ਨਾਨਕੀ ਦੀ ਕੁੱਖੋਂ ਕੋਈ ਬੱਚਾ ਨਾ ਜਨਮਿਆ। ਉਹ ਆਪਣੇ ਪਤੀ ਜੈ ਰਾਮ ਨੂੰ ਹੀ ਪਰਮੇਸ਼ਰ ਦਾ ਰੂਪ ਕਰਕੇ ਜਾਣਦੀ ਸੀ। ਉਸ ਲਈ ਉਹ ਹੀ ਇਸ਼ਟ ਅਤੇ ਦੇਵਤਾ ਸੀ। ਉਸ ਦੀ ਸਹਿਨਸ਼ੀਲਤਾ ਲਾਸਾਨੀ ਸੀ। ਜੈ ਰਾਮ ਨੂੰ ਹੋਰ ਵਿਆਹ ਕਰਾਉਣ ਲਈ ਵੀ ਜ਼ੋਰ ਪਾਇਆ ਗਿਆ ਪ੍ਰੰਤੂ ਉਸ ਨੇ ਕੁਦਰਤ ਨੂੰ ਅਟੱਲ ਮੰਨਦਿਆਂ, ਦੂਜਾ ਵਿਆਹ ਨਾ ਕਰਵਾਇਆ ਸਗੋਂ ਗੁਰੂ ਨਾਨਕ ਦੇ ਪੁੱਤਰ ਸ੍ਰੀ ਚੰਦ ਨੂੰ ਗੋਦ ਲੈ ਕੇ ਪੂਰੀ ਸਾਂਭ-ਸੰਭਾਲ ਕਰ ਕੇ ਪਾਲਿਆ। ਨਾਨਕੀ ਨੂੰ ਸਾਰੇ ਬੇਬੇ ਸ਼ਬਦ ਨਾਲ ਸਤਿਕਾਰਦੇ ਸਨ।

ਅੰਤਿਮ ਸਮੇਂ ਬੇਬੇ ਨਾਨਕੀ ਦੇ ਘਰ ਗੁਰੂ ਨਾਨਕ 17 ਕੱਤਕ 1575 ਬਿਕ੍ਰਮੀ ਨੂੰ ਸੁਲਤਾਨਪੁਰ ਪੁੱਜੇ। ਬੇਬੇ ਨਾਨਕੀ ਨੂੰ ਤਾਪ ਚੜ੍ਹ ਗਿਆ। ਜਪੁਜੀ ਸਾਹਿਬ ਦਾ ਪਾਠ ਸੁਣਦੀ-ਸੁਣਦੀ ਨੇ ਤੀਜੇ ਦਿਨ ਸਵਾਸ ਤਿਆਗ ਦਿੱਤੇ। ਪਿੱਛੋਂ ਤੀਜੇ ਦਿਨ ਇਸੇ ਅਵਸਥਾ ਵਿਚ ਪਤੀ ਜੈਰਾਮ ਵੀ ਰੱਬ ਨੂੰ ਪਿਆਰੇ ਹੋ ਗਏ। ਸੁਲਤਾਨਪੁਰ 'ਚ ਸੋਗ ਵਰਤ ਗਿਆ ਜਿਵੇਂ ਹਨੇਰਾ ਹੋ ਗਿਆ ਹੋਵੇ। ਰੂਹਾਨੀ ਜੋੜੀ ਦੇ ਤੁਰ ਜਾਣ ਉੱਤੇ ਲੋਕਾਂ ਦੇ ਹਿਰਦਿਆਂ 'ਚੋਂ ਇਹ ਨਿਕਲਿਆ

ਮਾਤਾ ਪਿਤਾ ਕੀ ਦੁਲਾਰੀ, ਗੁਰੂ ਨਾਨਕ ਕੀ ਪਿਆਰੀ ਭੈਣ
ਧੰਨ ਬੀਬੀ ਨਾਨਕੀ, ਤੂੰ ਧੰਨ, ਧੰਨ, ਧੰਨ ਹੈਂ॥

ਗੁਰੂ ਨਾਨਕ ਜੀ ਨੇ ਭੈਣ ਨਾਨਕੀ ਅਤੇ ਸ੍ਰੀ ਜੈ ਰਾਮ ਦੇ ਸਸਕਾਰ ਦੀਆਂ ਰਸਮਾਂ ਆਪਣੇ ਹੱਥੀਂ ਨਿਭਾਈਆਂ। ਨਾਨਕੀ ਨੂਰਾਨੀ-ਸਿੱਖ ਧਰਮ ਦੀ ਇਕ ਅਮਰ ਪਾਤਰ ਹੈ।


# 280, PHASE 6, S A S NAGAR
MOHALI (PUNJAB) 160 055

# ਭਾਰਤੀ ਸੰਗੀਤ ਦੇ ਵਿਕਾਸ ਵਿੱਚ ਪੰਡਿਤ ਬਲਵੰਤ ਰਾਏ ਜਸਵਾਲ ਜੀ ਦਾ ਯੋਗਦਾਨ

**ਰਮਨਦੀਪ ਕੌਰ**

ਪੰਡਿਤ ਵਿਨਾਇਕ ਰਾਵ ਪਟਵਰਧਨ ਦੀ ਭਾਰਤੀ ਸੰਗੀਤ ਨੂੰ ਮਹੱਤਵਪੂਰਨ ਦੇਣ ਹੈ। ਜਿੱਥੋਂ ਤਕ ਪੰਜਾਬ ਨੂੰ ਦੇਣ ਦਾ ਸਵਾਲ ਹੈ ਉਹਨਾ ਨੇ ਅਪਨੇ ਸ਼ਗਿਰਦ ਦੇ ਰੂਪ ਵਿੱਚ ਇੱਕ ਅਜਿਹਾ ਸੰਗੀਤ ਰਤਨ ਪ੍ਰਦਾਨ ਕੀਤਾ ਜਿਹਨਾ ਨੂੰ ਅੱਜ ਸਮੁੱਚਾ ਸੰਗੀਤ ਜਗਤ ਬਲਵੰਤ ਰਾਏ ਜਸਵਾਲ ਦੇ ਨਾਮ ਤੋ ਜਾਣਦਾ ਹੈ।

ਪੰਡਿਤ ਬਲਵੰਤ ਰਾਏ ਜਸਵਾਲ ਦਾ ਜਨਮ 23 ਮਈ 1923 ਨੂੰ ਹਿਮਾਚਲ ਪ੍ਰਦੇਸ਼ ਦੇ ਊਨਾ ਜਿਲ੍ਹੇ ਦੇ ਸੋਲ੍ਹਣ ਨਾਮਕ ਪਿੰਡ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਮ ਹਜ਼ੂਰਾ ਸਿੰਘ ਜਸਵਾਲ ਸੀ। ਆਪ ਦਾ ਪਰਿਵਾਰ ਰਾਜਪੂਤ ਜਾਤੀ ਨਾਲ ਸੰਬੰਧਿਤ ਸੀ। ਆਪ ਦੇ ਪਿਤਾ ਹਜ਼ੂਰਾ ਸਿੰਘ ਆਰੀਆ ਸਮਾਜ ਦੇ ਪ੍ਰਚਾਰਕ ਅਤੇ ਇੱਕ ਉੱਘੇ ਕਲਾਕਾਰ ਸਨ। ਸੰਗੀਤ ਦੀ ਸਿੱਖਿਆ ਭਗਤ ਮੰਗਤ ਰਾਮ ਪਾਸੋਂ ਗ੍ਰਹਿਣ ਕਰਿਆ ਕਰਦੇ ਸਨ।

**ਸੰਗੀਤ ਸਿੱਖਿਆ:-**

ਆਪ ਨੂੰ ਸੰਗੀਤ ਸਿੱਖਿਆ ਵਿਰਸੇ ਵਿੱਚ ਹੀ ਪ੍ਰਾਪਤ ਹੋਈ। ਸੰਗੀਤ ਦੀ ਸ਼ੁਰੂਆਤ ਪਿਤਾ ਜੀ ਪਾਸੋਂ ਹੋਈ ਅਤੇ ਕੁਝ ਹੀ ਸਮੇ ਬਾਅਦ ਆਪ ਵਿੱਚ ਵੱਧ ਰਹੀ ਯੋਗਤਾ ਨੂੰ ਦੇਖਦੇ ਹੋਏ ਆਪ ਨੂੰ ਭਗਤ ਮੰਗਤ ਰਾਮ ਪਾਸੋ ਸਿੱਖਿਆ ਦਿਵਾਉਣ ਦਾ ਨਿਰਣਾ ਲਿਆ ਗਿਆ। ਭਗਤ ਮੰਗਤਰਾਮ (ਜਲੰਧਰ) ਪਾਸੋਂ ਸਿੱਖਿਆ ਪ੍ਰਾਪਤ ਕਰਦੇ ਹੋਏ ਆਪ ਨੇ ਬਹੁਤ ਘੱਟ ਸਮੇ ਵਿੱਚ ਕੰਠ ਸਾਧਨਾ ਅਤੇ ਭਿੰਨ-ਭਿੰਨ ਗਾਇਨ ਸ਼ੈਲੀਆਂ ਦਾ ਗਿਆਨ ਪ੍ਰਾਪਤ ਕੀਤਾ। ਆਪ ਦੇ ਪਿਤਾ ਆਪ ਨੂੰ ਸੋਲਨ ਦੇ ਨਰੇਸ਼ ਦੇ ਦਰਬਾਰ ਵਿੱਚ ਲੈ ਗਏ ਜਿੱਥੇ ਆਪ ਦੀ ਕਲਾ ਤੋ ਪ੍ਰਭਾਵਿਤ ਹੋ ਕੇ ਸੋਲਨ ਦੇ ਰਾਜੇ ਨੇ ਆਪਨੂੰ ਦਰਬਾਰ ਵਿੱਚ ਹੀ ਨਿਯੁਕਤ ਕਰ ਲਿਆ। ਇਹਨਾ ਦਿਨਾਂ ਵਿੱਚ ਹੀ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਮੁਸੀਬਤਾ ਦਾ ਪਹਾੜ ਆਪ ਦੇ ਸਿਰ ਉੱਪਰ ਆ ਟੁੱਟਿਆ। ਪਰਿਵਾਰ ਦੇ ਪਾਲਣ-ਪੋਸ਼ਣ ਦੀ ਜਿੰਮੇਵਾਰੀ ਵੀ ਆਪ ਦੇ ਸਿਰ ਉੱਪਰ ਆ ਗਈ ਇਸ ਸਮੇਂ ਸੋਲਨ ਦੇ ਨਰੇਸ਼ ਨੇ ਆਪ ਨੂੰ ਆਸ਼ਰਯ ਪ੍ਰਦਾਨ ਕੀਤਾ। ਇਹਨਾਂ ਦੀ ਇੱਛਾ ਅਨੁਸਾਰ ਆਪ ਵਿਨਾਇਕ ਰਾਵ ਪਟਵਟਧਨ ਦੇ ਗੰਧਰਵ ਮਹਾਂਵਿਦਿਆਲਿਆ ਪੂਨਾ ਵਿੱਚ ਸੰਗੀਤ ਸਿੱਖਣ ਲਈ ਚਲੇ ਗਏ ਅਤੇ ਸੋਲਨ ਨਰੇਸ਼ ਵਲੋ ਆਪਜੀ ਨੂੰ ਆਰਥਿਕ ਸਹਾਇਤਾ ਦਿੱਤੀ ਗਈ ਜਿਸਤੋਂ ਆਪ ਦੀ ਸਿੱਖਿਆ ਅਤੇ ਪਰਿਵਾਰ ਦਾ ਪਾਲਣ-ਪੋਸ਼ਣ ਚਲਦਾ ਰਿਹਾ। ਪੂਨਾ ਵਿਖੇ ਆਪ ਨੇ ਸਾਧਨਾ ਕਰਕੇ ਲਗਨ ਨਾਲ ਗੁਰੂਦੇਵ ਵਿਨਾਇਕ ਰਾਵ ਪਟਵਰਧਨ ਦਾ ਦਿਲ ਜਿੱਤ ਲਿਆ। ਇੱਕ ਦਿਨ ਅੱਧੀ ਰਾਤ ਨੂੰ ਵਿਨਾਇਕ ਰਾਵ ਪਟਵਟਧਨ ਨੇ ਬਲਵੰਤ ਰਾਏ ਨੂੰ ਸੰਗੀਤ ਦੀ ਸਾਧਨਾ ਵਿੱਚ ਲੀਨ ਪਾਇਆ ਤਾਂ ਪੰਡਿਤ ਜੀ ਨੇ ਸੰਗੀਤ ਪ੍ਰਤੀ ਸ਼ਰਧਾ ਨੂੰ ਦੇਖਦੇ ਹੋਏ ਬਲਵੰਤ ਰਾਏ ਜੀ ਨੂੰ ਆਪਣੇ ਘਰ ਵਿੱਚ ਹੀ ਸੰਗੀਤ ਦੀ ਸਿੱਖਿਆ ਦੇਣ ਦਾ ਨਿਰਣਾ ਲਿਆ। ਪੰਡਿਤ ਬਲਵੰਤ ਰਾਏ ਨੇ ਅੱਠ ਸਾਲਾਂ ਦਾ ਪਾਠਕ੍ਰਮ ਚਾਰ ਸਾਲਾਂ ਵਿੱਚ ਹੀ ਪੂਰਾ ਕਰ ਲਿਆ ਅਤੇ ਪ੍ਰੀਖਿਆ ਲੈਣ ਲਈ ਆਉਣ ਵਾਲ੍ਹੇ ਅਧਿਆਪਕਾਂ ਨੂੰ ਵੀ ਆਪਣੀ ਕਲਾ ਤੋ ਪ੍ਰਭਾਵਿਤ ਕੀਤਾ। ਇਸ ਉਪਰੰਤ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਵਾਪਿਸ ਪੰਜਾਬ ਵਿੱਚ ਆ ਗਏ ਅਤੇ ਸੰਗੀਤ ਦਾ ਪ੍ਰਚਾਰ ਆਰੰਭ ਕੀਤਾ।

**ਸੰਗੀਤ ਪ੍ਰਚਾਰਕ ਦੇ ਰੂਪ ਵਿੱਚ:-**

ਜਦੋ ਆਪੀ ਪੂਨਾ ਤੋ ਵਾਪਿਸ ਪੰਜਾਬ ਆਏ ਤਾਂ ਮਲੇਟਕੋਟਲਾ ਵਿਖੇ ਸੰਗੀਤ ਵਿਦਿਆਲੇ ਦੀ ਸਥਾਪਨਾ ਕੀਤੀ ਅਤੇ ਵਿਦਿਆਲੰਕਾਰ ਜੀ ਪਾਸੋ ਖੁਦ ਹਿੰਦੀ ਕਾਵਿ ਸ਼ਾਸਤਰ ਅਤੇ ਛੰਦ ਸ਼ਾਸਤਰ ਦਾ ਗਿਆਨ ਪ੍ਰਾਪਤ ਕੀਤਾ। ਇਸ ਤਰ੍ਹਾਂ ਗਾਇਕੀ ਦੇ ਨਾਲ-ਨਾਲ ਆਪ ਵਿੱਚ ਕਾਵਿ ਪ੍ਰਤਿਭਾ ਵੀ ਵਿਕਸਿਤ ਹੋਣ ਲਗੀ। ਕੁਝ ਸਮੇਂ ਬਾਦ ਆਪ ਨੇ ਇਹ ਵਿਦਿਆਲਾ ਮਲੇਟਕੋਟਲਾ ਤੋਂ ਮੁਜੱਫਰਨਗਰ

(ਉੱਤਰ ਪ੍ਰਦੇਸ਼) ਵਿਖੇ ਸਥਾਪਿਤ ਕੀਤਾ। ਇਸ ਸਮੇ ਆਪ ਜੀ ਦੀ ਪ੍ਰਸਿੱਧੀ ਪੂਰੇ ਭਾਰਤ ਵਿੱਚ ਫੈਲੀ ਅਤੇ ਅਨੇਕ ਸੰਗੀਤ ਸਿੱਖਿਅਕ ਆਪ ਪਾਸੋਂ ਸੰਗੀਤ ਦੀ ਸਿੱਖਿਆ ਲੈਣ ਲਈ ਆਉਂਦੇ ਰਹੇ । ਆਪਜੀ ਗੰਢਾਬੰਧਨ ਦੇ ਹੱਕ ਵਿੱਚ ਨਹੀ ਸਨ ਬਲਕਿ ਗੰਢਾਬੰਧਨ ਤੋ ਬਿਨਾ ਹੀ ਪੂਰੀ ਸ਼ਰਧਾ ਨਾਲ ਵਿਦਿਆਰਥੀਆਂ ਨੂੰ ਸਿਖਾਉਣ ਵਿੱਚ ਵਿਸ਼ਵਾਸ ਰੱਖਦੇ ਸਨ। ਆਪ ਨੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਸੰਗੀਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਪ੍ਰਦਰਸ਼ਨ ਕਰਤਾ ਦੇ ਰੂਪ ਵਿੱਚ:-

ਪੰਡਿਤ ਬਲਵੰਤ ਰਾਏ ਆਪਣੀ ਗਾਇਕੀ ਸਦਕਾ ਸੰਪੂਰਨ ਭਾਰਤ ਵਿੱਚ ਪ੍ਰਸਿੱਧੀ ਹਾਸਿਲ ਕਰ ਚੁੱਕੇ ਸਨ। ਆਪ ਨੇ ਪੂਰੇ ਭਾਰਤ ਵਿੱਚ ਸੰਗੀਤ ਸਮਾਗਮਾਂ ਵਿੱਚ ਪ੍ਰਦਰਸ਼ਨ ਕਰਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਪੰਡਿਤ ਵਿਸ਼ਨੂ ਦਿਗੰਬਰ ਪਲੂਸਕਰ ਦੀ ਯਾਦ ਵਿੱਚ ਹੋਏ ਸੰਮੇਲਨ ਵਿੱਚ ਆਪ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ ਜਿਸਦੇ ਨਤੀਜੇ ਵਜੋਂ ਆਪ ਨੂੰ ਅਨੇਕ ਹੋਰ ਸੰਮੇਲਨਾਂ ਵਿੱਚ ਗਾਉਣ ਦਾ ਸੱਦਾ ਅਤੇ ਧਨ ਰਾਸ਼ੀ ਪ੍ਰਾਪਤ ਹੋਈ। ਆਕਾਸ਼ਵਾਣੀ ਦੇ ਆਪ 'ਏ' ਗ੍ਰੇਡ ਦੇ ਕਲਾਕਾਰ ਬਣੇ ਅਤੇ ਅਖਿਲ ਭਾਰਤੀ ਪ੍ਰੋਗਰਾਮ ਵਿੱਚ ਅਨੇਕ ਵਾਰ ਆਪ ਦਾ ਪ੍ਰੋਗਰਾਮ ਪ੍ਰਸਾਰਿਤ ਹੋਇਆ। ਇਹਨਾ ਦਿਨਾਂ ਵਿੱਚ ਹੀ ਪੰਡਿਤ ਦੇਸ਼ ਬੰਧੂ ਸੇਠੀ ਦੀ ਬੇਟੀ ਉਸ਼ਾ ਨਾਲ ਆਪਜੀ ਵਿਆਹ ਦੇ ਪਵਿੱਤਰ ਬੰਧਨ ਵਿੱਚ ਬੱਝੇ ਜੋਕਿ ਉੱਚ ਦਰਜੇ ਦੀ ਗਾਇਕਾ ਹਨ।

ਸੰਗੀਤ ਗੁਰੂ ਵਜੋਂ:-

ਪੰਡਿਤ ਬਲਵੰਤ ਰਾਏ ਜਸਵਾਲ ਨੇ ਆਪਣੇ ਜੀਵਨ-ਕਾਲ ਦੌਰਾਨ ਅਨੇਕ ਅਜਿਹੇ ਸ਼ਿਸਾਂ ਦੀ ਉੱਤਪਤੀ ਕੀਤੀ ਜਿਹਨਾਂ ਨੇ ਜਸਵਾਲ ਸਾਹਿਬ ਦੀ ਚਲਾਈ ਹੋਈ ਪਰੰਪਰਾ ਨੂੰ ਅਗਾਂਹ ਤੋਰਿਆ। ਆਪ ਨੇ ਉੱਚ-ਕੋਟੀ ਦੇ ਸ਼ਿਸ ਤਿਆਰ ਕੀਤੇ। ਆਪ ਦੇ ਪਰਿਵਾਰ ਵਿੱਚ ਆਪਜੀ ਨੇ ਚਾਰ ਪੁੱਤਰੀਆਂ ਅਤੇ ਇੱਕ ਪੁੱਤਰ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਆਪ ਦੇ ਸ਼ਿਸ਼ਾਂ ਵਿੱਚੋ ਮੁੱਖ ਰੂਪ ਵਿੱਚ ਸੁਮੇਧਾ, ਪ੍ਰੇਮ ਸਾਗਰ, ਸੁਰਧਨੀ (ਪੁੱਤਰੀਆਂ) ਯਾਮੀਸ (ਪੁੱਤਰ), ਸੁਧਾ ਮਲਹੋਤਰਾ, ਪੰਜਾਬੀ ਗਾਇਕ ਸੁਖਵਿੰਦਰ ਸਿੰਘ, ਸੰਜੈ ਸ਼ਾਰਦਾ, ਕਮਲ ਹੰਸਪਾਲ, ਓਮ ਪ੍ਰਕਾਸ, ਰੂਬੀ ਬੈਨਰਜੀ ,ਪਰਮਜੀਤ ਕੌਰ, ਕਮਲ ਰਾਣੀ, ਨਵੀਨ ਸ਼ਰਮਾ, ਕੁਲਵੰਤ ਸਿੰਘ ਨਾਮਧਾਰੀ, ਪੁਸ਼ਪਾ ਪਗਧਰੇ, ਆਦਿ ਹਨ। ਇਹ ਸਾਰੇ ਵੱਖ-ਵੱਖ ਖੇਤਰਾਂ ਵਿੱਚ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਯਤਨਸ਼ੀਲ ਹਨ।

ਅਧਿਆਪਕ ਰੂਪ ਵਿੱਚ:-

ਪੰਡਿਤ ਬਲਵੰਤ ਰਾਏ ਜਸਵਾਲ ਜੀ ਨੇ ਸੰਗੀਤ ਦੇ ਖੇਤਰ ਵਿੱਚ ਜਿੱਥੇ ਇੱਕ ਗੁਰੂ ਦੇ ਰੂਪ ਵਿੱਚ ਸੰਗੀਤ ਦਾ ਪ੍ਰਚਾਰ ਕੀਤਾ ਉਥੇ ਇੱਕ ਸੰਗੀਤ ਅਧਿਆਪਕ ਵਜੋਂ ਅਨੇਕ ਸੰਗੀਤ ਸਿਖਾਂਦਰੂਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਜਸਵਾਲ ਜੀ ਨੇ 1956-75 ਵਿੱਚ ਹੰਸਰਾਜ ਮਹਾਂਵਿਦਿਆਲਾ ਜਲੰਧਰ ਵਿਖੇ ਅਧਿਆਪਨ ਕਾਰਜ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਦਿਆਂ ਬਹੁ-ਗਿਣਤੀ ਸੰਗੀਤ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਆਪ ਜੀ ਇੱਕ ਸਯੋਗ ਅਧਿਆਪਕ ਸਿੱਧ ਹੋਏ।

ਵਾਗੇਆਕਾਰ ਦੇ ਰੂਪ ਵਿੱਚ:-ਪੰਡਿਤ ਜੀ ਨੇ ਆਪਣੇ ਜੀਵਨ ਕਾਲ ਵਿੱਚ ਬਹੁ-ਗਿਣਤੀ ਰਚਨਾਵਾਂ ਦੀ ਰਚਨਾ ਗਾਇਨ ਅਤੇ ਵਾਦਨ ਪੱਖ ਤੋਂ ਕੀਤੀ। ਸਿਰਫ ਖਿਆਲ ਸ਼ੈਲੀ ਵਿੱਚ ਹੀ ਆਪਜੀ ਦੀਆਂ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਵਿੱਚ 500 ਬੰਦਿਸ਼ਾਂ ਹਨ। ਆਪਜੀ ਨੇ 'ਪਾਰਸ' ਅਤੇ 'ਪਾਰਸਮਣੀ' ਉਪਨਾਮ ਹੇਠ ਬੰਦਿਸ਼ਾਂ ਦੀ ਰਚਨਾ ਕੀਤੀ। ਇਹ ਰਚਨਾਵਾਂ ਸਰਲ ਤੋਂ ਮੁਸ਼ਕਿਲ ਸਵਰ-ਤਾਲ ਯੋਜਨਾ ਉਪਰ ਆਧਾਰਿਤ ਹਨ। ਆਪ ਅਨੁਸਾਰ ਬੰਦਿਸ਼ ਦੀ ਰਚਨਾ ਅਤੇ ਕਾਵਿ ਇੰਨਾ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ ਕਿ ਸਰੋਤਿਆਂ ਨੂੰ ਸੁਣਨ ਵਿੱਚ ਆਨੰਦ ਪ੍ਰਾਪਤ ਹੋਵੇ ਅਤੇ ਤੁਸੀਂ ਉਹਨਾਂ ਦੀ ਸ਼ਲਾਘਾ ਦੇ ਪਾਤਰ ਬਣ ਸਕੋ। ਆਪ ਦੀਆਂ ਬੰਦਿਸ਼ਾਂ ਦੇ ਕੁਝ ਨਮੂਨੇ:-

ਰਾਗ ਰਾਗੇਸਵਰੀ

ਸਥਾਈ: ਘਰ ਆਵੋ ਮੋਰੇ ਸਜਨਾ, ਤੁਮ ਬਿਨ ਜੀਅਰਾ ਚੈਨ ਨਾ ਪਾਵੈ।

ਅੰਤਰਾ:- ਰੈਣ ਕਟਤ ਹੈ ਗਿਨ-ਗਿਨ ਤਾਰੇ, ਤਰਪਤ ਬੀਤੇ ਜੁਗਣਾ ਸਾਰੇ,
ਪੂਰੀ ਕਰੋ ਬਸ ਯੇ ਕਾਮਨਾ।

ਰਾਗ ਬਿਲਾਸਖਾਨੀ ਤੋੜੀ

ਸਥਾਈ:- ਰਾਮ ਜਪੋ ਰੇ ਮਨ ਰੈਨ ਦਿਨਾ, ਰਾਤ ਨਾਹੀ ਜਗ ਮੇਂ ਨਾਮ ਬਿਨਾ।

ਅੰਤਰਾ:- ਤਨ ਧਨ ਕਛੂ ਸਾਥ ਨਾ ਜਾਏ, ਪਰਹਿਤ ਕਾਰੀ ਅਤੀ ਸੁਖ ਪਾਵੈ।

ਰਾਗ ਸੁਧ ਸਾਰੰਗ

ਸਥਾਈ:- ਸਜਨ ਤੁਮ ਸੋ ਲਾਗੀ ਲਗਨ,
ਜਪਤ ਜੀਆ ਤੋਰਾ ਨਾਮ ਮਗਨ।
ਅੰਤਰਾ:- ਜਬ ਸੇ ਰਾਏ ਪਾਰਸ ਪਰਦੇਸ,
ਨਾਹੀ ਪਠਾਇਉ ਸੁੱਖ ਸੰਦੇਸ।

ਸਾਹਿਤਿਕ ਦ੍ਰਿਸ਼ਟੀ ਤੋਂ ਪੰਡਿਤ ਜੀ ਦੀਆਂ ਰਨਨਾਵਾਂ ਦੀ ਭਾਸ਼ਾ ਸ਼ੈਲੀ ਹਿੰਦੀ ਭਾਸ਼ਾ ਦੇ ਕਿਸੇ ਸ੍ਰੇਸ਼ਠ ਕਵੀ ਤੋਂ ਘੱਟ ਨਹੀ ਹੈ। ਆਪ ਨੇ ਆਪਣੀਆਂ ਰਚਨਾਵਾਂ ਵਿੱਚ ਖਿਆਲ ਦੀ ਪਰੰਪਰਾਗਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ।ਆਪ ਦੀਆ ਰਚਨਾਵਾ ਤੋਂ ਪਤਾ ਚਲਦਾ ਹੈ ਕਿ ਆਪਜੀ ਇੱਕ ਸੁਘੜ ਕਲਾਕਾਰ,ਉੱਘੇ ਵਾਗੇਆਕਾਰ ਅਤੇ ਮਹਾਨ ਕਵੀ ਸਨ।

ਗਾਇਨ ਦੇ ਨਾਲ-ਨਾਲ ਪੰਡਿਤ ਜੀ ਨੂੰ ਵਾਦਨ ਦੇ ਖੇਤਰ ਵਿੱਚ ਵੀ ਮਹਾਰਤ ਹਾਸਿਲ ਸੀ। ਆਂਪ ਦਾ ਸਿਤਾਰ, ਤਬਲਾ, ਹਰਮੋਨੀਅਮ, ਦਿਲਰੁਬਾ, ਬਾਂਸੁਰੀ ਉੱਪਰ ਪੂਰਨ ਅਧਿਕਾਰ ਸੀ।ਆਪਜੀ ਨੇ ਸਿਤਾਰ ਵਾਦਨ ਸੰਬੰਧੀ ਵੱਖ-ਵੱਖ ਰਾਗਾਂ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਗੱਤਾਂ ਦੀ ਰਚਨਾ ਕੀਤੀ ਜਿਹਨਾਂ ਨੂੰ ਸੁਣਦੇ ਹੀ ਆਨੰਦਮਈ ਵਾਤਾਵਰਣ ਦੀ ਸਿਰਜਣਾ ਹੁੰਦੀ ਹੈ। ਆਪ ਹੋਰਨਾਂ ਗਾਇਕਾਂ ਨਾਲ ਹਰਮੋਨੀਅਮ ਅਤੇ ਤਬਲਾ ਵਾਦਨ ਦੀ ਸੰਗਤ ਵੀ ਕਰਿਆ ਕਰਦੇ ਸਨ।ਆਪ ਨੇ ਆਪਣੇ ਮਿੱਤਰ ਸ੍ਰੀ ਲਛਮਣ ਸਿੰਘ ਸੀਨ ਨਾਲ ਮਿਲਕੇ ਅਨੇਕ ਵਿਕਟ, ਕਾਇਦੇ, ਪਲਟੇ ਪੇਸ਼ਕਾਰ, ਪਰਨ ਅਤੇ ਟੁਕੜਿਆਂ ਦੀ ਰਚਨਾ ਕੀਤੀ ਜੋ ਆਪਣੀ ਮਿਸਾਲ ਆਪ ਹਨ। ਪੰਡਿਤ ਬਲਵੰਤ ਰਾਏ ਜਸਵਾਲ ਜੀ ਨੇ ਸੰਗੀਤ ਦੇ ਵਿਕਾਸ ਅਤੇ ਪਾਸਾਰ ਲਈ ਤਨ-ਮਨ ਨਾਲ ਕਾਰਜ ਕੀਤਾ ਜਿਸਦਾ ਨਤੀਜਾ ਹੈ ਕਿ ਸਾਨੂੰ ਅੱਜ ਉਹਨਾਂ ਦੀਆ ਗਾਇਨ, ਵਾਦਨ ਵਿੱਚ ਅਨੇਕਾ ਰਚਨਾਵਾਂ, ਅਨੇਕ ਸ਼ਿਸ਼ ਸੰਗੀਤ ਦੀ ਸਿੱਖਿਆ ਦੇਣ ਲਈ ਮਿਲਦੇ ਹਨ।

ਆਪ ਸੰਗੀਤ ਦੀ ਸੇਵਾ ਕਰਦੇ ਹੋਏ ਇੱਕ ਸੜਕ ਹਾਦਸੇ ਵਿੱਚ 26 ਫਰਵਰੀ 1979 ਨੂੰ ਪਰਲੋਕ ਸਿਧਾਰ ਗਏ ਜੋਕਿ ਭਾਰਤੀ ਸੰਗੀਤ ਲਈ ਇੱਕ ਮੰਦਭਾਗਾ ਦਿਨ ਸੀ ।ਆਪਜੀ ਦੀ ਸੰਗੀਤ ਪ੍ਰਤੀ ਮਹੱਤਵਪੂਰਨ ਦੇਣ ਸਦਕਾ ਰਹਿੰਦੀ ਦੁਨੀਆਂ ਤਕ ਆਪ ਨੂੰ ਯਾਦ ਰੱਖਿਆ ਜਾਵੇਗਾ।

ਨਾਨਕਸਰ ਅਕੈਡਮੀ, ਪਾਤੜਾਂ

# ਗਲੇ (ਕੰਠ) ਦੀ ਸੁਧਾਈ

## ਗੁਰਦੀਪ ਸਿੰਘ ਬੈਂਸ

ਸੰਗੀਤ ਜਾਂ ਗਾਇਨ-ਕਲਾ ਸਬੰਧੀ ਸੰਸਾਰ-ਪੱਧਰ ਤੇ ਅਨੇਕ ਸਾਹਿਤ ਰਚਿਆ ਗਿਆ ਉਪਲਭਦ ਹੈ। ਵਿਸ਼ੇ ਵੀ ਵੱਡੀ ਲੰਬੀ ਡੂੰਘਾਈ ਤਕ ਵਿਚਾਰੇ ਗਏ ਹਨ। ਦੂਜੇ ਪਾਸੇ ਇਹ ਦੇਖ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਗਾਇਨ ਵਿਚ ਕੰਠ ਦੀ ਜੋ ਆਰੰਭਕੀ ਮਹੱਤਤਾ ਉਸ ਬਾਰੇ 'ਕੰਠ ਸਾਧਨਾ ਦੇ ਉਪਰਲੇ ਬਹੁਤ ਘੱਟ ਕੀਤੇ ਮਿਲਦੇ ਹਨ। ਸੋ ਆਪਾਂ ਹਥਲੇ ਲੇਖ ਵਿਚ ਕੰਠ-ਸਾਧਨਾ ਦੀ ਮਹੱਤਤਾ ਵਾਰੇ, ਤੇ ਮਾਂਜੇ ਸੰਵਾਰੇ ਗਲੇ ਦੀ ਉਚਤਮ ਪੇਸ਼ਕਾਰੀ ਨੂੰ ਨਿਭਾਉਣ ਹਿੱਤ ਕੀ ਕੁਝ ਉਪਯੋਗੀ ਯਤਨ ਜੁਟਾ ਸਕਦੇ ਹਾਂ ? ਸੰਗੀਤ ਕਲਾ ਦੋ ਪ੍ਰਕਾਰਾਂ ਨਾਲ ਪੇਸ਼ ਕੀਤੀ ਜਾਂਦੀ ਹੈ। ਇਕ ਸਾਜ਼ਾਂ ਦੁਆਰਾ ਤੇ ਦੂਜੀ ਕੰਠ ਦੁਆਰਾ । ਪਰ ਇੱਕਲੇ ਸਾਜ਼ਾਂ ਦੀ ਸੁੰਦਰ ਪੇਸ਼ਕਾਰੀ ਜਿਵੇਂ ਜੁਗਲਬੰਦੀ, ਸੋਲੋ ਤੇ ਹੋਰ ਢੰਗਾਂ ਨਾਲ ਸੰਗੀਤ ਦਾ ਵਾਤਾਵਰਨ ਵਿਸ਼ੇਸ਼ ਯੋਗਤਾ ਰਾਹੀਂ ਅਤਿ ਦਰਜੇ ਦੀ ਸੁੰਦਰਤਾ ਨਾਲ ਪੇਸ਼ ਕੀਤਾ ਹੋਇਆ ਆਪਾਂ ਸਾਰੇ ਹੀ ਸਮੇਂ-ਸਮੇਂ ਸੁਣਦੇ ਰਹਿੰਦੇ ਹਾਂ । ਦੂਜੇ ਪਾਸੇ ਕੰਠ ਦਾ ਕਾਰਜ ਤਾਂ ਆਪਣੇ ਆਪ ਵਿਚ ਹੀ ਸੰਪੂਰਨਤਾ ਦਾ ਪ੍ਰਤੀਕ ਹੈ ਜਾਂ ਇਵੇਂ ਵੀ ਆਖ ਸਕਦੇ ਹਾਂ ਕਿ ਮੌਖਿਕ ਪਰਸਤੁਤੀ ਇੱਕਲੀ ਇਕ ਪਾਸੇ ਤੇ ਸਾਜ਼ਾਂ ਦੀ ਸੰਗਤ ਦੂਜੇ ਪਾਸੇ ਵਿਸ਼ੇਸ਼ਤਾ ਰੱਖਦੀਆਂ ਹਨ, ਜੋ ਕਿ ਇਕ ਦੂਜੇ ਦੀਆਂ ਪੂਰਕ ਹਨ।

ਹੁਣ ਆਪਾਂ ਸੋਚੀਏ ਕਿ ਸੰਗੀਤ ਦੀ ਪੇਸ਼ਕਾਰੀ ਅਰੰਭ ਕਰਦੇ ਸਮੇਂ ਸੰਗੀਤ ਦਾ ਵਾਤਾਵਰਣ ਪਹਿਲੇ ਤਾਲ ਦੀ ਮਧੁਰਤਾ ਨਾਲ ਅਰੰਭ ਕਰੀਏ ਜਾਂ ਸਾਜ਼ਾਂ ਦੀ ਭਰਵੀਂ ਸੰਗੀਤਕ ਵਾਤਾਵਰਣ ਦੀ ਝੁਨਕਾਰ ਵਿਚ ਮੌਖਿਲ ਪੇਸ਼ਕਾਰੀ ਨਾਲ ਵਾਤਾਵਰਣ ਨੂੰ ਸੰਪੂਰਨਤਾ ਪ੍ਰਦਾਨ ਕਰੀਏ। ਉੱਤਰ ਸਪਸ਼ਟ ਤੇ ਢੁਕਵਾਂ ਇਹੀ ਹੋਵੇਗਾ ਕਿ ਸਾਜ਼ਾਂ ਦੁਆਰਾ ਵਧੀਆਂ ਪੇਸ਼ ਕੀਤੀ ਸੰਗੀਤਕ ਵਾਤਾਵਰਣ ਤੇ ਉਸ ਦੇ ਨਾਲ-ਨਾਲ ਹੀ ਵਧੀਆ ਕੰਠ ਪੇਸ਼ਕਾਰੀ, ਦੋਵੇਂ ਹੀ ਇੱਕ ਦੂਜੇ ਦੇ ਪੂਰਨ ਸਮਾਨ ਅੰਤਰ ਹੀ ਇਕਸਾਰ ਸਮਾਨਤਾ ਰੱਖਣ ਤਾਂ ਸਮਝਿਆ ਜਾਵੇਗਾ ਕਿ ਸੰਗੀਤਕ ਪੇਸ਼ਕਾਰੀ ਦੀ ਸਥਿਤੀ 'ਸੋਨੇ ਤੇ ਸੁਹਾਗੇ' ਵਾਲੀ ਹੋਵੇਗੀ । ਇਸ ਤਰਾਂ ਦੀ ਸਹਿਯੋਗ ਪੇਸ਼ਕਾਰੀ ਸੰਸਾਰ ਪੱਧਰ 'ਤੇ ਨਵੇਂ-ਨਵੇਂ ਕਲਾਕਾਰ ਵੱਡੀ ਨਿਪੁੰਨਤਾ ਨਾਲ ਪੇਸ਼ ਕਰਦੇ ਮਿਲ ਜਾਣਗੇ, ਕਿਸੇ ਵਿਸ਼ੇਸ਼ ਕਲਾਕਾਰ ਦਾ ਨਾਮ ਲਿਖਣਾ ਗੁਸਤਾਖੀ ਤੋਂ ਵੱਧ ਨਹੀਂ ਹੋਵੇਗਾ । ਸੰਗੀਤ ਪ੍ਰੇਮੀ, ਚੰਗੇ ਸਰੋਤੇ ਤੇ ਪਰਪੱਕ ਵਿਅਕਤੀ ਅਜੇਹੇ ਨਾਮਾਂ ਤੋਂ ਭਲੀ-ਭਾਂਤ ਜਾਣੂ ਹੀ ਹਨ।

ਇਕ ਗੱਲ ਕੰਠ ਜਾਂ ਗਲੇ ਦੀ ਆਵਾਜ਼ ਬਾਰੇ ਜ਼ਰੂਰ ਹੈ ਕਿ ਕੁਝ ਆਵਾਜ਼ਾਂ ਹੀ ਕੁਦਰਤ ਦੀ ਅਜੇਹੀ ਦੇਣ ਹਨ ਕਿ ਕੰਨਾਂ ਨਾਲ ਸੁਨਣ ਤੇ ਹੀ ਆਨੰਦ ਆ ਜਾਂਦਾ ਹੈ। ਭਾਵੇਂ ਉਹ ਵਿਅਕਤੀ ਨਿਰਾ ਗਾ ਕੇ ਹੀ ਨਹੀਂ, ਆਮ ਸਹਿਜ ਅਵਸਥਾ ਵਿਚ ਵੀ ਬੋਲ-ਚਾਲ ਦੀ ਪ੍ਰਭਾਵਸ਼ਾਲੀ ਆਵਾਜ਼ ਦਰਸਾਉਂਦੇ ਮਿਲ ਜਾਣਗੇ। ਪਰ ਯਾਦ ਰੱਖਣਾ ਚਾਹੀਦਾ ਹੈ। ਕਿ ਬਜੁਰਗਾਂ ਦੇ ਕਹਿਣ ਅਨੁਸਾਰ ਰਿਆਜ਼ ਜਾਂ ਅਭਿਆਸ ਦੁਆਰਾ ਸਾਂਧਾਰਨ ਆਵਾਜ਼ ਨੂੰ ਵੀ ਮਾਝਿਆਂ ਸੰਵਾਰਿਆ ਜਾ ਸਕਦਾ ਹੈ। ਇਸ ਦੇ ਨਮੂਨੇ ਵਜੋਂ ਇੱਕ ਉਦਾਹਰਨ ਹੀ ਕਾਫੀ ਹੈ। ਜੇਕਰ ਪਰਦੇ ਦੇ ਪਿੱਛੇ ਬੈਠਾ ਕੇ ਸੰਗੀਤਕਾਰਾਂ ਦੀ ਆਵਾਜ਼ ਤੋਂ ਉਨ੍ਹਾਂ ਦੀ ਆਯੂ ਦਾ ਪਤਾ ਸਰੋਤਿਆ ਤੋਂ ਕਰਨਾ ਹੋਵੇ ਤਾਂ ਸਰੋਤੇ ਕਿਸੀ ਰੁੜੇ ਹੋਏ ਤੇ ਅਤਿ ਦਰਜੇ ਦੇ ਅਭਿਆਸੀ ਤੇ ਨਿਯੰਤਰਿਤ ਸਰੀਰ ਵਾਲੇ ਵਿਅਕਤੀ ਦੀ ਉਮਰ ਦਾ ਅਨੁਮਾਨ ਲਾਉਂਦੇ ਅਕਸਰ ਅਣਜਾਣ ਸਰੋਤੇ ਵੱਡੀ ਭੁੱਲ ਕਰਕੇ ਪਰਪੱਕ ਧੁਨੀ ਵਾਲੇ ਕਲਾਕਾਰ ਦੀ ਉਮਰ ਕਾਫੀ ਸਿਆਣੀ ਆਯੂ ਵਾਲੇਵਿਅਕਤੀ ਦੀ ਕਰਨਗੇ। ਪਰ ਕਾਸ਼ ! ਤੁਰੰਤ ਪਰਦਾ ਹਟਾਉਣ ਤੇ ਗਾ ਰਹੇ ਵਿਅਕਤੀ ਦੀ ਆਯੂ ਅਨੁਮਾਨਤ ਆਯੂ ਤੋਂ ਬਹੁਤ ਘੱਟ ਦਿਸ ਪਵੇਗੀ । ਇਹ ਕੋਈ ਜਾਦੂ ਨਹੀਂ । ਕਹਿਰਾਂ ਦੇ ਰਿਆਜ਼ ਨੇ ਕੰਠ ਨੂੰ ਮਾਂਝ, ਸੰਵਾਰ ਤੇ ਨਿਯੰਤਰਿਤ ਕੀਤਾ ਹੋਇਆ ਹੈ।

ਕੰਠ ਸਾਧਨਾ ਵਿਚ ਇਕ ਸੰਗੀਤਕਾਰ ਨੂੰ ਕੀ ਕੁਝ ਕਰਨਾ ਚਾਹੀਦਾ ਹੈ। ਇਸ ਬਾਰੇ ਆਪਾ ਚਰਚਾ ਕਰਨ ਜਾ ਰਹੇ ਹਾਂ। ਉਸ ਤੋਂ ਪਹਿਲਾਂ ਇਕ ਅਵਗਿਆ ਕਰਨ ਜਾ ਰਿਹਾ ਹਾਂ। ਜੋ ਸੱਜਣ ਕੁਦਰਤੀ ਭੱਦੇ ਬੋਲ ਵਾਲੇ, ਆਪਸੀ, ਅਨਭਿਆਸੀ ਤੇ ਵੱਧ ਪੇਟੂ ਹੋਣ ਉਹ ਸੰਗੀਤਕ-ਪੇਸ਼ਕਾਰੀ ਨਾਲੋਂ, ਚੰਗਾ ਹੋਵੇਗਾ ਜੇਕਰ ਉਪਜੀਵਕਾਂ ਹਿੱਤ ਕੋਈ ਵੱਖ ਧੰਦਾ ਅਪਨਾ ਲੈਣ। ਬੇ ਸੁਰਾ, ਬੇ ਢੰਗਾ, ਖੁਰਵਾਂ ਬੋਲ ਤੇ ਅਸਪਸ਼ਟ ਆਵਾਜ਼ ਆਦਿ ਦੇ ਕੁਦਰਤੀ ਜਾਂ ਆਦਤਨ, ਸੁਭਾ ਕਾਰਨ ਆਯੋਗ ਹੋਣ। ਆਸ ਹੈ ਅਜੇਹੇ ਕਾਲਾਕਾਰ 'ਸ਼ਾਮਲ -ਬਾਜੇ' ਬਣ ਕੇ ਆਪਣੇ ਆਪ ਨੂੰ ਸਮੇਂ-ਸਮੇਂ ਸ਼ਰਮਿੰਦਾ ਕਰਨ ਦੀ ਥਾਂ ਹੋਰ ਧੰਦਾ ਅਪਣਾ ਕੇ ਸੁਖੀ ਜੀਵਨ ਬਤੀਤ ਕਰਨ ਦੇ ਰਾਹ ਸੌਖਿਆਂ ਹੀ ਲੱਭ ਲੈਣਗੇ । ਸੋ ਆਪਣੇ ਮਨ ਦੀ ਪੱਕੀ ਲਗਣ ਨਾਲ ਸੰਗੀਤਕਾਰ ਸੱਜਣਾਂ ਨੂੰ ਬੇਨਤੀ ਹੈ ਕਿ ਹੈ ਕਿ ਹੇਠ ਲਿਖੇ ਹੋਏ ਕੁਝ ਸੰਖੇਪ ਟੋਟਕਿਆਂ ਸੰਬੰਧੀ ਸਾਵਧਾਨਤਾ ਵਰਤ ਕੇ ਆਪਣੀ ਆਵਾਜ਼ ਨੂੰ ਹੋਰ ਵੀ ਚਾਰ-ਚੰਦ ਲਾ ਸਕਣ ਦੇ ਹੋਰ ਯੋਗ ਬਣਾ ਸਕਦੇ ਹਨ। ਸੋ ਹੇਠ ਲਿਖੇ ਕੁਝ ਜ਼ਰੂਰੀ ਨੁਕਤੇ ਜੋ ਅਤਿ ਅਭਿਆਸੀ ਤੇ ਠੀਕ ਜੀਵਨ ਬਤਾ-ਰਹੇ ਜਾਂ ਬਤੀਤ ਕਰ ਚੁੱਕਿਆਂ, ਕੁਝ ਉਸਤਾਦਾ ਦੇ ਸੁਦੰਰ ਟੋਟਕੇ, ਨੋਟ ਕਰੋ ਜੀ ।

1. ਸੰਗੀਤਕਾਰ ਜਾਂ ਕੀਰਤਨਕਾਰ ਜੋਕਿ ਗੁਰਬਾਣੀ ਦਾ ਕੀਰਤਨ ਕਰਦੇ ਹਨ, ਲਈ ਇਹ ਨਿਯਮ ਬਰਾਬਰ ਹੀ ਲਾਗੂ ਸਮਝੇ ਜਾਣ । ਪਹਿਲੇ ਨਿਯਮ ਅਨੁਸਾਰ ਹਰਿ ਸੰਗੀਤਕਾਰ/ਕੀਰਤਨਕਾਰ ਨੂੰ ਅਤਿ ਦਰਜੇ ਦਾ ਉੱਦਮੀ ਹੋਣਾ ਪਹਿਲੀ ਵੱਡੀ ਸ਼ਰਤ ਹੈ । ਸਮੇਂ ਸਿਰ ਆਲਸ ਕਰਨਾ, ਅੱਜ ਦਾ ਕੰਮ, ਕਲ੍ਹ ਤੇ ਛੱਡਣਾ ਆਦਿ ਘਾਤਕ ਬੀਮਾਰੀਆਂ ਹੋਰ ਅਨੇਕ ਬੀਮਾਰੀਆਂ ਨੂੰ ਜਨਮ ਦੇਂਦੀਆਂ ਹਨ। ਸੋ ਰਾਗੀ ਸਿੰਘਾਂ ਨੂੰ ਦਿਨ ਦੇ 24 ਘੰਟੇ 7 ਹੀ ਦਿਨ ਪੂਰਨ ਤੌਰ ਤੇ ਹਰ ਸਮੇਂ ਉਦਮੀ ਬਿਰਤੀ ਦੇ ਧਾਰਨੀ ਹੋਣਾ ਅਤੀਂ ਲੁੜੀਦਾ ਹੈ। ਸਭ ਕਾਰਜ ਸੌਰ ਜਾਂਦੇ ਹਨ ਉਨ੍ਹਾਂ ਵਿਅਕਤੀਆਂ ਦੇ ਜੋ ਕਦੇ ਵੀ ਆਲਸ ਨੂੰ ਨੇੜੇ ਨਹੀਂ ਫਟਕਣ ਦੇਂਦੇ। ਸੋ ਦੱਲਦਿਰ ਤੋਂ ਸਦਾ ਦੂਰ ਰਹੇ, ਸਦਾ ਆਨੰਦ ਪ੍ਰਾਪਤ ਕਰੋਗੇ। ਇਹ ਇੱਕ ਅੱਟਲ ਤੇ ਪੱਕਾ ਸੁਨੇਹਰੀ ਅਸੂਲ ਹੈ।

2. ਦੂਜਾ ਜ਼ਰੂਰੀ ਅਸੂਲ ਹੈ, ਦਿਨ ਦੇ 24 ਘੰਟਿਆਂ ਦਾ ਸਮਾਂ ਬੱਧ ਸਮਾਂ-ਵੰਡ। ਇਸ ਆਪੇ ਮਿਥੀ ਸਮਾਂ-ਸਾਰਨੀ ਨੂੰ ਇਸ

ਤਰਾਂ ਮਿਥ ਕੇ ਨਭਾਓ ਕਿ ਜਿਵੇਂ ਤੁਹਾਡਾ ਆਪਣਾ ਘੜਿਆ ਨਿਯਮ ਜਿਵੇਂ ਆਪਣਾ ਨਹੀਂ ਨਿਰੰਕਾਰ ਜਾਂ ਗੁਰੂ ਸਾਹਿਬ ਵਲੋਂ ਬੁਨੀ ਹੋਈ ਸਰੇਸ਼ਟ ਬੰਦਸ਼ ਹੈ। ਉਦਾਹਰਨ ਵਜੋਂ ਹਰਿ ਸਮੇਂ ਦੇ ਭੋਜਨ ਦਾ ਸਮਾਂ ਪੱਕਾ ਹੀ ਨਿਰਧਾਰਤ ਕਰੋ। ਜੇ ਕਰ ਸਮਾਂ ਖੁੰਝ ਜਾਵੇ ਤਾਂ ਫਿਕਰ ਨਾਂ ਕਰੋ। ਪੱਕਾ-ਮੰਨ ਰੱਖਦੇ ਹੋ ਤਾਂ ਸਮਾਂ ਹੀ ਮਿੱਸ ਕਰ ਦਿਓ। ਪਰੰਤੂ ਜੇਕਰ ਸਮਾਂ ਟਪਾਉਣਾ ਕਠਨ ਜਾਪੇ (ਜੋਕਿ ਕੋਈ ਗੱਲ ਜਾਂ ਕੰਮ ਸੰਸਾਰ ਵਿਚ ਅਸੰਭਵ ਨਹੀਂ ਹੈ) ਤਾਂ ਖਾਣਾ ਆਮ ਨਾਲੋਂ ਘੱਟ ਖਾਓ। ਨੋਟ ਕਰਨਾ ਅਜੇਹੇ ਦੋਵੇਂ ਕੰਮ ਹੀ ਪੇਟ ਜਾਂ ਸੱਮੁਚੇ ਸਰੀਰ ਲਈ ਸਹਾਈ ਸਿੱਧ ਹੋਣਗੇ। ਪਰਖ ਕਰਕੇ ਦੇਖ ਸਕਦੇ ਹੋ। ਸਭ ਠੀਕ ਰਹੇਗਾ। ਸਿਹਤ ਆਮ ਜਹੀ ਹੀ ਰਹੇਗੀ।

ਉਪਰੰਤ ਆਪਣੀ ਆਮ ਖੁਰਾਕ ਵਿਚੋਂ ਤਲੀਆਂ ਵਸਤਾਂ, ਭਾਰੀ ਖੁਰਾਕ ਤੇ ਬਾਜ਼ਾਰੀ ਖਾਣੇ ਘਟਾ ਲਵੋ। ਸਾਧਾਰਨ ਭੋਜਨ, ਹਰੀਆਂ ਸਬਜੀਆਂ, ਹਰਾ ਸਲਾਦ ਤੇ ਸੇਬ ਆਦਿ ਜਹੇ ਵਧੀਆ ਫਲ ਖਾਓ। ਸਰਬ ਪੱਖੀ ਸਰੀਰਕ ਵਿਕਾਸ ਤੇ ਦੇਹ ਅਰੋਗਤਾ ਭਰਪੂਰ ਰਹੇਗੀ।

3. ਹਰ ਰੋਜ਼ ਬਿਨਾ-ਨਾਗੇ ਦੇ ਕਸਰਤ ਜ਼ਰੂਰ ਕਰੋ। ਸਵੇਰੇ ਲੰਬੀ ਸੈਰ ਦੀ ਆਦਤ ਪਾਓ। ਖਾਣਾ ਖਾਣ ਪਿੱਛੋਂ ਲੇਟ ਕੇ ਆਰਾਮ ਕਰਨ ਦੀ ਥਾਂ 15-20 ਮਿੰਟ (ਘੱਟੋ-ਘੱਟ) ਹਲਕਾ-ਹਲਕਾ ਜ਼ਰੂਰ ਘੁੰਮ ਫਿਰ ਲਓ।

4. ਸਵੇਰੇ ਸੁਵਖਤੇ ਸਾਵਧਾਨ ਹੋ ਕੇ, ਜੰਗਲ ਪਾਣੀ ਹੋ ਕੇ, ਇਸ਼ਨਾਨ ਜ਼ਰੂਰ ਕਰੋ। ਫਿਰ ਕੰਠ ਸਾਧਨਾ ਲਈ ਸੁਚੇਤ ਹੋ ਕੇ ਬੈਠ ਜਾਓ। ਕੋਸ਼ਿਸ਼ ਕਰੋ ਕਿ ਪ੍ਰਾਤਾਕਾਲ ਦੇ ਮੁੱਖ ਰਾਗਾਂ ਵਿਚੋਂ ਹੀ ਕੋਈ ਰਾਗ ਅਲਾਪਣਾ ਇੱਕ-ਚਿੱਤ ਹੋ ਕੇ ਸਾਧਨਾ ਆਰੰਭ ਕਰੋ। ਕਈ ਉੱਚ ਕੋਟੀ ਦੇ ਸੰਗੀਤਕਾਰ ਰਾਗ ਭੈਰਵ (ਭੈਰਓ) ਅਲਾਪਣ ਦੀ ਮੱਤ ਵੀ ਦਿੰਦੇ ਹਨ। ਪਰ ਰਾਗ ਤੁਸੀਂ ਆਪਣੀ ਮਨ ਮਰਜ਼ੀ ਦਾ ਵੀ ਜਾਂ ਉਸਤਾਦ ਦੁਆਰਾ ਕਿਸੇ ਰਾਗ ਦਾ ਆਲਾਪ ਅਰੰਭ ਕਰੋ। ਸਰੀਰ ਦਾ ਉਹ ਭਾਗ ਜਿਸ ਨੂੰ 'ਨਾਭੀ' ਭਾਵ ਧੁੰਨੀ ਕਿਹਾ ਜਾਂਦਾ ਹੈ ਜਾਂ ਪੇਟ ਦਾ ਹੇਠਲਾ ਭਾਗ ਹੁੰਦਾ ਹੈ। ਉਸ ਵਿਚੋਂ 'ਮੰਦਰ ਸਪਤਕਿ' ਦੇ ਸਵਰਾਂ ਦਾ ਅਲਾਪ ਆਰੰਭ ਕਰੋ। ਆਰੰਭ ਵਿਚ ਕੁਝ ਔਖ ਆਵੇਗੀ। ਪਰ ਲੰਬੇ ਅਭਿਆਸ ਨਾਲ ਪਰਪੱਕਤਾ ਆਉਂਦੀ ਜਾਵੇਗੀ। ਦੂਜੀ ਅਵਸਥਾਂ ਤੁਹਾਡੀ ਛਾਤੀ ਤੋਂ ਆਰੰਭ ਹੈ। ਇਹ ਅਕਸਰ 'ਮੱਧ ਸਪਤਕਿ' ਵਿਚ ਆਉਂਦੀ ਹੈ। ਉਚਾਰਨ ਕੁਝ ਸੌਖਾ ਹੁੰਦਾ ਹੈ। ਪਰ ਰਿਆਜ਼ ਇਹ ਵੀ ਕਾਫੀ ਲੋੜਦਾ ਹੈ। ਰਾਗ ਪੇਸ਼ਕਾਰੀ ਦਾ ਬਹੁਤਾ ਸਮਾਂ ਏਸੇ 'ਮੱਧ ਸਪਤਿਕ' ਵਿਚ ਗਾਇਆ ਜਾਂਦਾ ਹੈ। ਅੰਤਲਾ ਭਾਗ ਮੂੰਹ ਵਿਚਲੇ ਤਾਲੂ ਦੀ ਵਰਤੋਂ ਨਾਲ ਹੁੰਦਾ ਹੈ। ਰਿਆਜ਼ ਵਿਹੂਣਾ ਅਕਸਰ ਬੇਸੁਰਾ ਹੋ ਜਾਂਦਾ ਹੈ। ਅਭਿਆਸ ਤੋਂ ਬਿਨਾਂ ਉੱਪਰ ਜਾ ਕੇ ਆਵਾਜ਼ ਪਾਟਣ ਲੱਗ ਜਾਂਦੀ ਹੈ। ਸੋ ਅਭਿਆਸ ਅੱਗੇ ਸਭ ਰੋਕਾਂ ਹਟ ਜਾਣਗੀਆਂ। ਸੁਰ ਸਾਧਨਾ ਆਏ ਦਿਨ ਪੱਕਦੀ ਜਾਵੇਗੀ। ਤਬਲੇ ਦੀ ਕਿਸੇ ਉਸਤਾਦ ਬਜੰਤਰੀ ਦੀ ਲੰਬੀ ਸੰਗਤ, ਤਾਲ ਦੀ ਤੇ ਲੈਅ ਆਦਿ ਦੀ ਪੁਖਤਗੀ ਸੰਪੂਰਨ ਕਰ ਦੇਵੇਗੀ। ਇਕ ਗੱਲ ਬਹੁਤ ਜ਼ਰੂਰੀ ਕਰਨੀ ਹੋਵੇਗੀ। ਰਿਆਜ਼ ਸਮੇਂ ਕੋਈ ਖਾਧ ਵਸਤੂ ਅਤਿ ਗਰਮ ਜਾਂ ਅਤਿ ਠੰਡੀ ਖਾਣੀ ਜਾਂ ਪੀਣੀ, ਪੱਕੇ ਤੌਰ ਤੇ ਵਿਵਰਜਤ ਹੈ, ਕਈ ਵੇਰ ਗਰਮ ਗਲੇ ਨੂੰ ਅਤਿਅੰਤ ਨੁਕਸਾਨ ਪੁਜਾ ਦੇਂਦੀ ਹੈ। ਸੋ ਹੌਲੀ-ਹੌਲੀ ਗਰਮ ਠੰਡਾ ਹੋਣ ਤੇ ਹੀ ਖਾਧਾ ਜਾਵੇ ਤਾਂ ਠੀਕ ਰਹੇਗ।

5. ਕੰਠ ਸਾਧਨਾ ਕਿਸੇ ਰਿਆਜ਼ ਉਸਤਾਦ ਦੀ ਦੇਖ-ਰੇਖ ਵਿਚ ਚੱਲੇ ਤਾਂ ਬਹੁਤ ਵਧੀਆ ਹੋਵੇਗਾ। ਚੰਗੀ ਸਾਧਨਾ ਸਦਕਾ ਆਮ ਕੰਠ ਵੀ ਪ੍ਰਭਾਵੀ ਸੰਗੀਤ ਪੇਸ਼ ਕਰ ਸਕਦਾ ਹੈ। ਪਰ ਚੰਗੀ ਪੇਸ਼ਕਾਰੀ ਵਾਲੇ ਅਮੋੜ ਵਿਅਕਤੀ ਆਪਣੇ ਅੜੀਅਲ ਵਤੀਰੇ ਦੁਆਰਾ ਕੁਝ ਹੋਰ ਪ੍ਰਾਪਤ ਕਰਨ ਦੀ ਥਾਂ ਹਠ ਅਧੀਨ ਜਾਂ ਕੁਦਰਤ ਵਲੋਂ ਬਖਸ਼ਿਆ ਸੁੰਦਰ ਕੰਠ ਵੀ ਹੱਥੋਂ ਗਵਾ ਬੈਠਦੇ ਹਨ। ਸਹਿਜ, ਪ੍ਰੇਮ, ਲਗਨ, ਅਭਿਆਸ, ਅਤੇ ਅਤਿ ਦਰਜੇ ਦੀ ਹਲੀਮੀ ਨਾਲ, ਸੁਤੇ ਸਿੱਧ ਹੀ ਪ੍ਰਾਪਤ ਹੋ ਜਾਂਦੇ ਹਨ।

6. ਅਭਿਆਸ ਜੋ ਕੋਈ ਕਰੇਗਾ ਪ੍ਰਾਪਤੀ ਉਸੇ ਨੂੰ ਮਿਲੇਗੀ। ਕਿਸੇ ਦੀ ਕਮਾਈ ਨਾਲ ਕੋਈ ਦੂਜਾ ਕੁੱਝ ਪ੍ਰਾਪਤ ਨਹੀਂ ਕਰ ਸਕਦਾ। ਆਪਣੇ ਕਿਸੇ ਖਾਨਦਾਨੀ ਬਜ਼ੁਰਗ ਦੀ ਵੱਡਤਣ ਕੁਝ ਨਹੀਂ ਦੇ ਸਕਦੀ। ਕਿਸੇ ਭਾਈ, ਚਾਚੇ, ਭਤੀਜੇ ਗੱਲ ਕੀ ਕਿਸੇ ਦੂਜੇ ਦੇ ਨਾਮ ਲਿਆਂ ਰਿਸ਼ਤਾ ਤਾਂ ਦੱਸਿਆ ਜਾ ਸਕੇਗਾ ਜੋਕਿ ਸੰਬੰਧੀਆਂ ਨਾਲ ਹੁੰਦਾ ਹੈ-ਪਰ ਕੰਠ ਦੀ ਉਪਰੋਕਤ ਸਾਧਨਾਂ ਤਾਂ ਹਰ ਵਿਅਕਤੀ ਵਿਸ਼ੇਸ਼ ਨੂੰ ਆਪਣੇ ਉਪਰਾਲੇ ਨਾਲ ਹੀ ਕਰਨੀ ਪੈਣੀ ਹੈ। ਇਹ ਵਸਤੂ ਵਿਰਸੇ (ਵਰਾਸਤ) ਵਿਚ ਬਹੁਤ ਘੱਟ ਹੀ ਮਿਲਦੀ ਹੈ। ਸੋ ਸੰਗੀਤਕਾਰ ਜਾਂ ਕੀਰਤਨਕਾਰੀ ਕੇਵਲ ਤੇ ਕੇਵਲ ਨਿੱਜੀ ਵਸਤੂ ਹੈ। ਜੋ ਕੋਈ ਵੀ ਅਭਿਆਸ ਕਰੇਗਾ, ਜਿਨੇ ਲੰਬੇ ਸਮੇਂ ਲਈ ਮਨ ਨੂੰ ਮਾਰ ਕੇ ਕਰੇਗਾ, ਉਨ੍ਹੀਆਂ ਹੀ ਬੁਲੰਦੀਆਂ ਨੂੰ ਪ੍ਰਾਪਤ ਹੋਵੇਗਾ। ਸੰਸਾਰ ਪ੍ਰਸਿੱਧੀ ਦੇਸ਼ ਪ੍ਰਸਿੱਧੀ ਜਾਂ ਅਨੇਕਾਂ ਇਨਾਮ, ਵਡਿਆਈਆਂ, ਨੌਕਰੀਆਂ ਤੇ ਸੰਨਮਾਨ ਆਦਿ ਸਭ ਕੇਵਲ ਤੇ ਕੇਵਲ ਅਭਿਆਸ ਦੇ ਹੀ ਕਰਿਸ਼ਮੇਂ ਹਨ।

ਸੋ ਇਸ ਸੰਖੇਪ ਲੇਖ ਦੇ ਅੰਤ ਵਿਚ ਫਿਰ ਪਿਛਲੀਆਂ ਗੱਲਾਂ ਨੂੰ ਹੀ ਦੂਜੀ ਵਾਰ ਲਿਖ ਰਿਹਾ ਹਾਂ। ਆਪਣੇ ਸਰੀਰ ਨੂੰ ਵਾਧੂ ਵਸਤੂ ਨਹੀਂ, ਵਾਹਿਗੁਰੂ ਜੀ ਦੀ ਬਖਸ਼ਸ਼ ਸਮਝਣਾ ਹੈ। 24 ਘੰਟੇ ਅਤੇ ਸੱਤੇ ਦਿਨ ਸਭ ਕੰਮ ਨਿਯੰਤਰਨ ਹੇਠ ਹੀ ਕਰਨੇ ਹਨ। ਖਾਣਾ, ਪੀਣਾ, ਸੌਣਾ, ਜਾਗਣਾ, ਸਰੀਰਕ ਕਸਰਤ, ਸੈਰ ਸ਼ੁੱਧ ਵਿਚਾਰ, ਨਿਮਰਤਾ, ਸ਼ੁੱਧ ਤੇ ਸਾਫ਼ ਭੋਜਨ, ਤਲੀਆਂ ਵਸਤਾਂ (ਮਿੱਠੀਆਂ ਜਾਂ ਨਮਕੀਨ ਭਾਵੇਂ ਕੋਈ ਵੀ ਹੋਣ ਤੋਂ ਪੂਰਾ ਪ੍ਰਹੇਜ਼ ਕਰਨਾ। ਪਰਾਤਾਕਾਲ ਇਸ਼ਨਾਨ ਪਿੱਛੋਂ ਲੰਬਾ ਸਮਾਂ ਕੰਠ ਸਾਧਨਾ ਕਰਨੀ। ਇਕ-ਇਕ ਸੁਰ ਦਾ ਲਗਾਤਾਰ ਅਭਿਆਸ, ਤਿੰਨਾ ਹੀ ਸਪਤਕ (ਮੰਦਰ, ਮੱਧ ਤੇ ਤਾਰ ਸਪਤਕਾਂ) ਵਿਚ ਲੰਬੇ ਸਮੇਂ ਲਈ ਕਰਨਾ ਹੈ। ਅੱਤ ਦਰਜੇ ਦੀ ਗਰਮ ਜਾਂ ਠੰਡੀ ਵਸਤੂ ਨਹੀਂ ਖਾਣੀ, ਪੀਣੀ। ਤੇਜ਼ ਮਿਰਚ ਮਸਾਲਿਆਂ ਤੋਂ ਵੀ ਵਰਜਨਾ ਹੈ। ਸੋ ਅੰਤਿ ਵਿਚ ਆਸ ਹੈ ਕਿ ਪਿੱਛੇ ਲਿਖੇ ਕੁਝ ਖਾਸ ਟੋਟਕੇ ਆਮ ਅਭਿਆਸੀ ਵਿਅਕਤੀਆਂ ਨੂੰ ਪੇਸ਼ਕਾਰੀ ਦੀਆਂ ਉਚਾਈਆਂ ਤਕ ਲੈ ਜਾਣ ਦੀ ਸਮਰੱਥਾ ਰੱਖਦੇ ਹਨ। ਅਜ਼ਮਾ ਕੇ ਰਿਆਜੀ/ਅਭਿਆਸੀ ਸੱਜਣ ਆਪ ਹੀ ਪਰਤੱਖ ਆਪਣੇ ਆਪ ਨੂੰ ਸਥਾਪਤ ਹੋਇਆ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਆਂ ਦੀ ਪਾਲ ਵਿਚ ਖੜੇ ਪਾਓਗੇ। ਵਾਹਿਗੁਰੂ ਤੇ ਗੁਰੂ ਜੀ ਦੇ ਧੰਨਵਾਦੀ ਹੁੰਦੇ ਹੋਏ, ਲੱਖ ਲੱਖ ਵਡਭਾਗ ਪਾਓਗੇ। ਗੁਰੂ ਜੀ ਬਲ ਬਖਸ਼ਣ, ਇਹੀ ਅੰਤਮ ਅਰਦਾਸ ਹੈ ਜੀ! ਵਾਹਿਗੁਰੂ ਭਲੀ ਵਰਤਾਓਣ! ਸਰਬੱਤ ਦਾ ਭਲਾ!

(ਪੁਸਤਕ-'ਗਾਵਹੁ ਸਚੀ ਬਾਣੀ' ਵਿਚੋਂ ਧੰਨਵਾਦ ਸਹਿਤ)

# ਭਾਰਤੀ ਸੰਗੀਤਕ ਗ੍ਰੰਥਾਂ ਦਾ ਵਿਵੇਚਾਨਾਤਕ ਅਧਿਐਨ

## ਰਿਸ਼ਪਾਲ ਸਿੰਘ

ਕਿਸੇ ਵੀ ਸੰਸਕ੍ਰਿਤੀ, ਸੱਭਿਅਤਾ, ਸੱਭਿਆਚਾਰ ਅਤੇ ਕਲਾਵਾਂ ਦੇ ਪਿਛੋਕੜ ਦੀ ਹੋਂਦ ਨੂੰ ਕਾਇਮ ਰੱਖਣ ਲਈ ਗ੍ਰੰਥਾਂ ਦੀ ਭੂਮਿਕਾ ਅਤਿ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਜੋ ਸੰਬੰਧਿਤ ਗ੍ਰੰਥ ਹੀ ਅਧਿਐਨ ਮੁੱਖ ਸਰੋਤ ਵਜੋਂ ਅਵਸ਼ਕ ਹੁੰਦੇ ਹਨ। ਭਾਰਤੀ ਸੰਗੀਤ ਭਾਰਤੀ ਸੰਸਕ੍ਰਿਤੀ ਦਾ ਅਹਿਮ ਹਿੱਸਾ ਹੈ। ਭਾਰਤੀ ਸੰਗੀਤ ਸੰਬੰਧੀ ਮੂਲ ਸਮੱਗਰੀ ਉੱਪਰ ਝਾਤ ਮਾਰੀਏ ਤਾਂ ਭਾਰਤੀ ਸੰਗੀਤ ਵਿਚ ਗ੍ਰੰਥ ਲਿਖਣ ਦੀ ਪਰੰਪਰਾ ਬਹੁਤ ਹੀ ਪੁਰਾਣੀ ਹੈ ਜਿਹਨਾਂ ਤੋਂ ਭਾਰਤੀ ਸੰਗੀਤ ਦੇ ਪੂਰਨ ਇਤਿਹਾਸ, ਉੱਤਪਤ, ਵਿਕਾਸ ਸ਼ਾਸ਼ਤਰ ਅਤੇ ਕਿਰਿਆਤਮਕ ਪੱਖ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਤਕ, ਭਾਰਤੀ ਸੰਗੀਤ ਦੀ ਹੋਂਦ ਸੰਭਵ ਹੋਣ ਤੋਂ ਲੈ ਕੇ ਆਧੁਨਿਕ ਯੁਗ ਦੇ ਨਵੀਨੀਕਰਣ ਤਕ ਅਨੇਕ ਸੰਗੀਤਕ ਗ੍ਰੰਥਾਂ ਦਾ ਪ੍ਰਕਾਸ਼ਨ ਹੋਇਆ। ਇਸ ਲੜੀ ਵਿਚ ਸਭ ਪਹਿਲਾਂ ਵੇਦਾਂ ਦਾ ਜ਼ਿਕਰ ਆਉਂਦਾ ਹੈ।

ਭਾਰਤੀ ਸੰਸਕ੍ਰਿਤੀ, ਸੱਭਿਅਤਾ ਅਤੇ ਲਲਿਤ ਕਲਾਵਾਂ ਦਾ ਮੂਲ ਆਧਾਰ ਗ੍ਰੰਥ, 'ਵੇਦ' ਹਨ ਜਿਹਨਾਂ ਤੋਂ ਭਾਰਤੀ ਸਭਿਅਤਾ ਦੀ ਪਹਿਲੀ ਕਿਰਨ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹਨਾਂ ਵੇਦਾਂ ਵਿਚੋਂ ਸਾਮਵੇਦ ਸੰਪੂਰਨ ਰੂਪ ਵਿਚ ਗੇਯ (ਗਾਇਆ ਜਾਣ ਵਾਲਾ) ਸੰਗੀਤਮਈ ਗ੍ਰੰਥ ਹੈ। ਵੇਦਾਂ ਤੋਂ ਬਾਅਦ ਰਮਾਇਣ, ਮਹਾਂਭਾਰਤ ਅਤੇ ਭਗਵਤ ਗੀਤਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਹਾਂਕਾਵਿਆਂ ਦੀ ਰਚਨਾ ਹੋਈ ਜਿਸਦੇ ਕਾਰਨ ਅਸੀਂ ਆਪਣੇ ਅਮੀਰ ਅਧਿਆਤਮਕ ਵਿਰਸੇ ਅਤੇ ਸੰਸਕ੍ਰਿਤੀ ਨੂੰ ਸਾਂਭ ਕੇ ਰੱਖਣ ਵਿਚ ਸਫਲ ਰਹੇ। ਭਾਰਤੀ ਸੰਗੀਤ ਵਿਚ ਗ੍ਰੰਥ ਲੇਖਨ ਪਰੰਪਰਾ ਅਧੀਨ ਭਰਤ, ਨਾਰਦ, ਮਤੰਗ, ਸਾਰੰਗਦੇਵ ਆਦਿ ਗ੍ਰੰਥਕਾਰਾਂ ਨੇ ਭਾਰਤੀ ਸੰਗੀਤ ਦੀ ਹੋਂਦ ਨੂੰ ਬਚਾਉਣ ਹਿੱਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹਨਾਂ ਗ੍ਰੰਥਾਂ ਦਾ ਵਿਸਤ੍ਰਿਤ ਪਰਿਚੈ ਅਤੇ ਸਮੱਗਰੀਗੱਤ ਅਧਿਐਨ ਲੜੀ ਰੂਪ ਵਿਚ ਪ੍ਰਸਤੂਤ ਹੈ।

### ਨਾਟਿਆ-ਸ਼ਾਸਤਰ

ਨਾਟਿਆ ਸ਼ਾਸਤਰ ਦੇ ਲੇਖਕ ਭਰਤ ਮੁਨੀ ਹਨ ਪ੍ਰੰਤੂ ਭਾਰਤੀ ਸੰਗੀਤ ਅਤੇ ਨਾਟਕ ਗ੍ਰੰਥਾਂ ਦੇ ਅਧਿਐਨ ਤੋਂ ਮਹਾਂਰਿਸ਼ੀ ਭਰਤ ਦੇ ਜੀਵਨ ਸੰਬੰਧੀ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਨਾਟ-ਸ਼ਾਸਤਰ ਦੇ ਰਚਨਾ ਕਾਲ ਸੰਬੰਧੀ ਵੀ ਕੋਈ ਮਹੱਤਪਵੂਰਨ ਤੱਥ ਸਾਹਮਣੇ ਨਹੀਂ ਆਉਂਦਾ ਸਗੋਂ ਵਿਦਵਾਨਾਂ ਦੀ ਇਸ ਗ੍ਰੰਥ ਦੀ ਰਚਨਾ ਕਾਲ ਸੰਬੰਧੀ ਮੱਤ ਭੇਦ ਹੈ। ਕੁਝ ਵਿਦਵਾਨ ਰਮਾਇਣ ਕਾਲ ਤੋਂ ਪਹਿਲਾਂ, ਕੁਝ ਜੈਨ ਅਤੇ ਬੁੱਧ ਧਰਮ ਤੋਂ ਪਹਿਲਾਂ ਅਤੇ ਕੁਝ ਵਿਦਵਾਨ 200 ਈ. ਪੂਰਵ ਦੇ ਮੱਧ ਦਾ ਮੰਨਦੇ ਹਨ। ਭਾਰਤੀ ਸੰਗੀਤ ਸ਼ਾਸਤਰ ਦੇ ਅਧਿਐਨ ਲਈ ਜੋ ਵੀ ਸਮੱਗਰੀ ਅੱਜ ਉਪਲਬਧ ਹੈ ਉਸਦਾ ਸਿਹਰਾ ਭਰਤ ਮੁਨੀ ਨੂੰ ਹੀ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਸੰਗੀਤ ਦੇ ਸ਼ਾਸਤਰ ਉੱਪਰ ਕੋਈ ਵੀ ਗ੍ਰੰਥ ਨਜ਼ਰ ਨਹੀਂ ਆਉਂਦਾ। ਅਸਲ ਵਿਚ ਨਾਟਿਆ-ਸ਼ਾਸਤਰ ਭਾਰਤੀ ਸੰਗੀਤ ਦੀ ਨਾਟ ਕਲਾ ਉੱਪਰ ਆਧਾਰਤ ਹੈ। ਭਾਰਤ ਨੇ ਸੰਗੀਤ ਉੱਪਰ ਕੋਈ ਸੁਤੰਤਰ ਗ੍ਰੰਥ ਨਹੀਂ ਲਿਖਿਆ, ਨਾਟਿਆ-ਸ਼ਾਸਤਰ ਵਿਚ 28 ਤੋਂ 33 ਅਧਿਆਇ ਹਨ ਜਿਹਨਾਂ ਦਾ ਸੰਬੰਧ ਸੰਗੀਤ ਨਾਲ ਹੈ ਇਸ ਤੋਂ ਇਹ ਸਪੱਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਟ ਅਤੇ ਸੰਗੀਤ ਦਾ ਉਸ ਕਾਲ ਵਿਚ ਵੀ ਡੂੰਘਾ ਸੰਬੰਧ ਸੀ। ਮਹਾਂਰਿਸ਼ੀ ਭਰਤ ਨੇ ਨਾਟਿਆ-ਸ਼ਾਸਤਰ ਵਿਚ ਨਾਟਕ ਅਤੇ ਸੰਗੀਤ ਦੇ ਸਿਧਾਂਤਿਕ ਅਤੇ ਕ੍ਰਿਆਤਮਕ ਸਰੂਪ ਸੰਬੰਧੀ ਚਰਚਾ ਕੀਤੀ ਹੈ। ਭਰਤ-ਦੁਆਰਾ ਵਰਣਿਤ 'ਸਾਰਣਾ-ਚਤੁਰਸਟਈ' ਪ੍ਰਯੋਗ ਉੱਪਰ ਨਜਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਭਰਤ ਮੁਨੀ ਦਾ ਸਵਰ-ਗਿਆਨ ਅਦੁੱਤੀ ਸੀ। ਨਾਟਿਆ-ਸ਼ਾਸਤਰ ਗ੍ਰੰਥ ਦੇ ਹੋਰਨਾਂ ਅਧਿਆਇਆਂ ਵਿਚ ਜਿੱਥੇ ਨਾਟ, ਛੰਦ, ਲਕਸਣ, ਅਲੰਕਾਰ ਸਾਹਿਤ, ਗੀਤ ਦਾ ਸੰਗੀਤ ਨਾਲ ਸੰਬੰਧ ਦਰਸਾਇਆ ਗਿਆ ਹੈ। ਉਥੇ 19ਵੇਂ ਅਧਿਆਇ ਵਿਚ ਕਾਕੂ ਸਵਰ ਵਿਅੰਜਨ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਜਿਸਦਾ ਸੰਗੀਤ ਵਿਚ ਵੀ ਬਹੁਤ ਮਹੱਤਵ ਹੈ।

ਇਸਦੇ ਅਠਾਈਵੇ ਅਧਿਆਇ ਵਿਚ ਚਾਰ ਭੇਦ, ਸਵਰ, ਸਰੁਤੀ, ਗ੍ਰਾਮ ਮੂਰਛਨਾਵਾਂ, ਅਠਾਰਾਂ ਜਾਤੀਆਂ, ਉਹਨਾਂ ਦੇ ਗ੍ਰਹਿ, ਅੰਸ, ਨਿਆਸ ਆਦਿ ਦਾ ਵਿਵਰਣ ਹੈ। ਉਨੱਤੀਵੇ ਅਧਿਆਇ ਵਿਚ ਜਾਤੀਆਂ ਦਾ ਰਸਾਂ ਅਨੁਸਾਰ

ਪ੍ਰਯੋਗ ਅਤੇ ਭਿੰਨ-ਭਿੰਨ ਪ੍ਰਕਾਰ ਦੀ ਵੀਣਾ ਅਤੇ ਵੀਣਾ ਵਾਦਕ ਸੰਬੰਧੀ ਦਰਸਾਇਆ ਗਿਆ ਹੈ। ਤੀਹਵੇਂ ਅਧਿਆਇ ਵਿਚ ਸੁਸ਼ਿਰ ਵਾਦਨ ਦਾ ਵਰਨਣ, ਇਕੱਤੀਵੇਂ ਅਧਿਆਇ ਵਿਚ ਕਲਾ, ਲੈਅ, ਅਤੇ ਭਿੰਨ-ਭਿੰਨ ਤਾਲਾਂ ਦਾ ਵਰਨਣ, ਬੱਤੀਵੇਂ ਅਧਿਆਇ ਧਰੁਵਾਂ ਗਾਨ ਦੇ ਪੰਜ ਭੇਦ, ਛੰਦ ਵਿਧੀ, ਗਾਇਕਾਂ ਅਤੇ ਵਾਦਕਾਂ ਦੇ ਗੁਣ ਅਤੇ ਅਵਗੁਣ ਦਿੱਤੇ ਗਏ ਹਨ। ਤੇਤੀਵੇਂ ਅਧਿਆਇ ਵਿਚ ਅਵਨਧ ਵਾਦਯਾਂ ਦੀ ਉਤਪਤੀ ਭੇਦ, ਵਾਦਨ-ਵਿਧੀ, ਇਸਦੇ ਵਾਦਨ ਦੀਆਂ ਅਠਾਰਹਾਂ ਜਾਤੀਆਂ ਅਤੇ ਵਾਦਕਾਂ ਦੇ ਲੱਛਣਾਂ ਦਾ ਵਰਨਣ ਹੈ।

ਭਰਤਮੁਨੀ ਨੇ ਨਾਟਿਆ-ਸ਼ਾਸਤਰ ਵਿਚ ਸੁਰਾਂ ਦੇ ਆਪਸੀ ਸੰਬੰਧਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਾਦੀ, ਸੰਵਾਦੀ, ਵਿਵਦਾੀ ਅਤੇ ਅਨੁਵਾਦੀ ਸਵਰਾਂ ਦਾ ਪ੍ਰਯੋਗ ਬਿਆਨਿਆ ਹੈ। ਸੱਤ ਸਵਰ ਸ਼ਡਜ, ਰਿਸ਼ਭ, ਗੰਧਾਰ, ਮਧਿਅਮ, ਪੰਚਮ, ਧੈਵਤ, ਨਿਸ਼ਾਦ ਹਨ। ਇਹਨਾਂ ਸਵਰਾਂ ਤੋਂ ਬਿਨਾਂ ਅੰਤਰ ਗੰਧਾਰ ਅਤਿ ਕਾਕਲੀ ਨਿਸ਼ਾਦ (ਇਹਨਾਂ ਸੁਰਾਂ ਨੂੰ ਅੱਜ ਭਾਰਤੀ ਸੰਗੀਤ ਵਿਚ ਵਿਕਰਿਤ ਸੁਰ ਮੰਨਿਆ ਜਾਂਦਾ ਹੈ।) ਜਿਹੇ ਸਵਰਾਂ ਦਾ ਵਰਣਨ ਵੀ ਕੀਤਾ ਗਿਆ ਹੈ, ਭਰਤ ਨੇ ਇਸ ਪ੍ਰਕਾਰ ਸਾਰਣਾ-ਚਤੁਸ਼ਟਈ ਲਈ ਦੋ ਵੀਣਾਵਾਂ ਦੀ ਸਹਾਇਤਾ ਰਾਹੀਂ ਸ਼ਰੁਤੀਆਂ ਨੂੰ ਸਮਾਨ ਰੂਪ ਵਿਚ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ, ਉਸ ਨਾਲ ਸ਼ਰੁਤੀ ਦੇ ਪਰਿਮਾਣ ਸਥਾਪਿਤ ਕਰਨ ਦੇ ਦਿਸ਼ਾ-ਨਿਰਦੇਸ਼ ਪ੍ਰਾਪਤ ਹੋਏ ਹਨ।

ਭਰਤ ਨੇ ਸ਼ੜਜ ਮਧਿਅਮ ਸੰਵਾਦ ਰਾਹੀਂ ਸ਼ੜਜ-ਗਰਾਮ ਅਤੇ ਮਧਿਅਮ ਗਰਾਮ ਦੀ ਰਚਨਾ ਕੀਤੀ। ਅਧਿਆਮ-ਗਰਾਮ ਵਿਚ ਪੰਚਮ ਇਕ ਸ਼ਰੁਤੀ ਘੱਟ ਹੈ। ਜਿਸ ਵਿਚ ਪੰਚਮ ਦੀਆਂ ਤਿੰਨ ਸ਼ਰੁਤੀਆਂ ਹਨ ਪ੍ਰੰਤੂ ਸ਼ੜਜ-ਗਰਾਮ ਵਿਚ ਪੰਚਮ ਦੀਆਂ ਚਾਰ ਸ਼ਰੁਤੀਆਂ ਹਨ, ਪੰਚਮ ਸਵਰ ਦਾ ਇਕ ਸ਼ਰੁਤੀ ਘੱਟ ਜਾਣ ਕਰਕੇ ਇਹਨਾਂ ਦੋਵਾਂ ਗਰਾਮਾਂ ਦੀ ਉਤਪਤੀ ਦਾ ਜ਼ਿਕਰ ਹੈ। ਭਰਤ ਮੁਨੀ ਨੇ ਦੋਹਾਂ ਗਰਾਮਾਂ ਤੋਂ 7-7 ਮੂਰਛਨਾਵਾਂ ਦੀ ਰਚਨਾ ਕਰਕੇ ਕੁਲ 14 ਮੂਰਛਨਾਵਾਂ ਦੀ ਰਚਨਾ ਕੀਤੀ। ਭਰਤ ਨੇ ਇਹਨਾਂ ਮੂਰਛਨਾਵਾਂ ਦੇ ਚਾਰ ਭੇਦ ਮੰਨੇ ਹਨ ਜਿਸ ਕਰਕੇ ਇਹਨਾਂ ਦੀ ਕੁੱਲ ਸੰਖਿਆ 14×4=56 ਹੋ ਜਾਦੀ ਹੈ। ਇਹ ਮੂਰਛਨਾਵਾਂ ਵੈਦਿਕ ਪਧਤੀ ਅਨੁਸਾਰ ਅਵਰੋਹੀ ਕਰਨ ਵਿਚ ਵਰਣਿਤ ਹਨ, ਭਰਤ ਨੇ ਮੂਰਛਨਾਵਾਂ ਦਾ ਆਰੰਭ ਮਧਿਅਮ ਸਵਰ ਤੋਂ ਕੀਤਾ ਹੈ ਕਿਉਂਕਿ ਭਰਤ ਦਾ ਮਧਿਅਮ ਸਵਰ ਆਧੁਨਿਕ ਸਵਰ ਸਪਤਕ ਦਾ ਸ਼ੜਜ ਹੈ ਅਤੇ ਇਸ ਤੋਂ ਤਿੰਨਾਂ ਸਪਤਕਾਂ ਦੀ ਰਚਨਾ ਹੁੰਦੀ ਹੈ। ਗ੍ਰੰਥਕਾਰ ਨੇ ਮੂਰਛਨਾਵਾਂ ਦੀ ਉਤਪਤੀ ਜਾਤੀਆਂ ਤੋਂ ਮੰਨੀ ਹੈ ਅਤੇ 7 ਸ਼ੁੱਧ ਅਤੇ 11 ਵਿਕਰਿਤ ਕੁਲ 18 ਜਾਤੀਆਂ ਮੰਨੀਆਂ ਹਨ ਇਸ ਵਿਚ ਜਾਤੀ ਗਾਇਨ ਦੇ ਸਿਧਾਂਤਾਂ ਅਤੇ ਲੱਛਣਾਂ ਦਾ ਵਰਣਨ ਕੀਤਾ ਹੈ। ਨਾਟਿਆ ਸ਼ਾਸਤਰ ਵਿਚ ਰੰਜਕਤਾ ਪ੍ਰਦਾਨ ਕਰਨ ਵਾਲੇ ਗ੍ਰਹਿ, ਅੰਸ਼, ਤਾਰ, ਮੰਦਰ, ਔੜਤਵ, ਸ਼ਾੜਤਵ, ਅਲਪਤਵ, ਬਹੁਤਵ, ਨਿਆਸ ਅਤੇ ਅਪਨਿਆਸ ਲੱਛਣਾਂ ਨੂੰ ਜਾਤੀ ਗਾਇਨ ਮੰਨਿਆ ਹੈ।

ਨਾਟਿਆ ਸ਼ਾਸਤਰ ਗ੍ਰੰਥ ਦੇ ਟੀਕਾਕਾਰ ਅਚਾਰੀਆ ਅਭਿਨਵ ਗੁਪਤ ਨੇ ਭਰਤ ਕ੍ਰਿਤ ਨਾਟਿਆ ਸ਼ਾਸਤਰ ਦਾ ਸ਼ੁੱਧ ਰੂਪ ਪ੍ਰਾਪਤ ਕਰਨ ਲਈ ਅਭਿਨਵ ਭਾਰਤੀ ਦੇ ਸਿਰਲੇਖ ਹੇਠ ਇਸ ਗ੍ਰੰਥ ਵਿਚ ਵਰਣਿਤ ਲਗਭਗ ਸਵਾ ਲੱਖ ਸਲੋਕਾਂ ਦਾ ਟੀਕਾਕਰਨ ਕੀਤਾ।

ਇਸ ਗ੍ਰੰਥ ਵਿਚ ਸ਼ਾਸਤਰ ਪੱਖ ਦੇ ਨਾਲ-ਨਾਲ ਕ੍ਰਿਆਤਮਕ ਪੱਖ ਦੀ ਵੀ ਵਡਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਪਰੋਕਤ ਵਿਸ਼ਿਆਂ ਉੱਪਰ ਸ੍ਰੋਤ ਸਮੱਗਰੀ ਉਪਲੱਬਧ ਕਰਾਉਣ ਵਾਲਾ ਇਹ ਗ੍ਰੰਥ ਭਾਰਤੀ ਸੰਗੀਤ ਨਾਲ ਸੰਬੰਧਿਤ ਸਭ ਤੋਂ ਮੂਲ ਗ੍ਰੰਥ ਮੰਨਿਆ ਜਾਂਦਾ ਹੈ।

ਪਿੰਡ ਨੂਰਪੁਰ, ਡਾਕ. ਗੁਲਾਹੜ, ਤਹਿ. ਪਾਤੜਾਂ,
ਜ਼ਿਲ੍ਹਾ ਪਟਿਆਲਾ

# BHAI PRITHIPAL SINGH MOHAN PAL SINGH A LINK WITH THE MUSICAL HERITAGE OF NANKANA SAHIB

**Harjap Singh Aujla**

We all know that since the days of Maharaja Ranjit Singh's empire "Gurdwara Janam Asthan Sri Nankana Sahib" and "Sri Darbar Sahib Amritsar" have been acknowledged to be the two shrines where the Sikh musical heritage was preserved at its pristine and sophisticated best. Other historic shrines used to look to these great places of worship for inspiration and guidance.

"Sri Darbar Sahib" is with us and we have extensively heard "Gurmat Sangeet" by the musicians in its service. We know this music since the days of Bhai Santa Singh and his contemporaries. We have also heard the music of Bhai Samund Singh ji of "Sri Nankana Sahib", but other than Bhai Samund Singh, we have not been really conversant with what his other contemporaries were singing.

At least I had the curiosity to know as to how the other, particularly the famous Rababi Kirtanias, used to sing "Gurbani" at "Gurdwara Janam Asthan Sri Nankana Sahib. To my good luck, by chance, I stumbled upon a musician, who represented the second generation of the refugee Raagis from Nankana Sahib.

It was the year 1976, I was posted as a sub-divisional engineer construction at Patiala. Police buildings in Fort Bahadurgarh were under my charge. I observed a huge sized Sikh wearing white clothes coming out of Gurdwara Bahadurgarh Sahib. This gurdwara is situated on the opposite side of Fort Bahadurgarh. A man, who knew this individual, told me that he is the finest classical musician in Patiala. He introduced the individual as Bhai Mohan Pal Singh.

True to my extrovert nature, I tried to open up with this so far mysterious musician. He quickly judged my curiosity and asked me if I have heard about Bhai Pal Singh Jaswant Singh and Bhai Gurmukh Singh Bhai Sarmukh Singh Fakkar of "Sri Nankana Sahib"? I answered in affirmative. He told me that he is one of the descendents of this great family of musicians. But he wanted me to hear him first and then decide if he is a worthy descendent of the famous Kirtanias of the yore. I asked him if he knew the Reets, in which Bhai Pal Singh Jaswant Singh used to sing at Nankana Sahib. He replied yes he can sing most of their "Reets". He gave me his home address, but he had no phone.

One fine holiday morning I decided to see him at his residence. He lived in a poor neighbourhood called "Tripuri" in Patiala city. The street leading to his home was only partly paved, the rest was potholed, muddy and dusty with milch cattle tied on both sides. On reaching his home I knocked at his door. The unpainted door was opened by Bhai Mohan Pal Singh himself. He was happy to receive me. He asked his lady to warm the milk for the guest, but I refused. He asked a young boy of twelve to bring the Tabla. He sang "Bilaskhani Todi". From his "Alaap" he

appeared to be a pupil of Ustad Bade Ghulam Ali Khan, which he proudly admitted he was. He said during early sixties he and his cousin Prithipal Singh were sent to Khan Sahib Bade Ghulam Ali Khan in Bombay to learn the finer points of the singing traditions of "Patiala Gharana" and this training helped them a lot professionally. Ever since that training, they have been doing "Riaz" of what they learnt. While in Bombay they met legendry playback singer Mohammad Rafi too, who offered them lucrative assignments as chorus singers in film industry, but they politely rejected the offer saying that they don't want to quit their ancestral profession of singing for their Guru. He said even these days we both keep visiting Malerkotla to learn more about music from Ustad Bakar Ali Khan, the most accomplished music teacher of Patiala Gharana.

I was impressed. My father (Late Sardar Sochet Singh) lived in Chandigarh. During his college education days in Lahore Government College, he used to occasionally visit Nankana Sahib and was impressed with the singing skills of the Rababi Kirtanias of "Gurdwara Janam Asthan". He was quite curious to hear the voices of their descendents. I promised him that I shall bring them to Chandigarh for a special "Kirtan Diwan" at my father's residence. But that moment eluded us. My father died on August 31, 1976. He could not hear them singing, but they were present and performing Kirtan on his "Antim Ardas" a few days later.

Bhai Mohan Pal Singh was always telling me that his cousin Bhai Prithipal Singh is even a better Kirtania. While in Patiala, I did not have the privilege of listening to Bhai Prithipal Singh and a desire to listen to him remained in my heart. But I often used to go to "Gurdwara Sri Dukh Niwaran Sahib at Patiala" and often heard Bhai Joginder Singh Mohinder Singh, the cousins of Bhai Mohan Pal Singh and Prithipal Singh perform "Gurmat Sangeet" and they were mesmerizing.

After coming to America, I had the privilege in 1985 of inviting Bhai Mohan Pal Singh, who was accompanying Bhai Shamsher Singh Zakhmi, to perform Shabad Kirtan at Gurdwara Bridgewater New Jersey. I made some recordings too. Bhai Mohan Pal Singh's voice was power packed and highly cultured.

A few days ago a friend of mine guided me to listen to Sikh devotional music on longislandkirtan.com. I did and to my surprise in the folder on old vintage Kirtan, I stumbled upon some recordings in the voice of Bhai Prithipal Singh. There is Asa Di Vaar in two parts and there are 2 more MP-3s in the voice of this musician. After listening to these four folders, I rediscovered some remnants of the great traditions of "Shabad Kirtan" once alive at "Gurdwara Janam Asathan Sri Nankana Sahib". I request all the genuine lovers of "Gurmat Sangeet" to listen to Bhai Prithipal Singh's "Shabad Kirtan". In some very small pieces he has given glimpses of his mastery over this dying art. Both Bhai Prithipal Singh and Bhai Mohan Pal Singh are not alive anymore. Both died a few years ago before attaining the age of sixty. Both lived and died in poverty. Our community never recognized their talents. They have been tormented financially but they never abandoned their traditions and never compromised with their music.

harjapaujla@gmail.com

# Sewaks' Charitable Trust (Regd.) Chandigarh (India)

Four like minded friends, who were individually providing some Community Development Services in their own humble ways, joined hands on 10th October, 1994 & Founded Sewaks' Charitable Trust (Regd.) under the stewardship of Late Shri M.S. Kohli, an N.R.I. of England (U.K). To collectively provide : Medical, Educational Vocational & Community Development Services etc. in deep rural and remote Hilly areas only.

**Aims & Objects**

* **TO PROVIDE ASSISTANCE / RELIEF** : To the Deserving Ailing / Widows / Orphans / Destitutes / Handicapped / Aged Persons in Distress etc. etc. irrespective of their Cast, Colour, Creed, Religion & Sex etc.
* **TO SPREAD AWARENESS** : about Education, Vocational Training, Immunization, Pulse Polio, Aids, Family Planning, Upliftment of Women Folk, Donations (Blood & Eyes) & Agriculture growth.
* **TO DISCOURAGE HEALTH HAZARDS** : Smoking, Alcohol & Drugs etc.
* **TO PROVIDE ASSISTANCE** : During Natural Calamities & National Crises.
* **TO CO-OPERATE & ASSIST** : Other Charitable Institutes having similar Aims & Objects

**Activities**

Medical Centres :

- Trust runs three Medical cum Sewaks' Sewa Centres in Deep Rural & Remote Hilly Areas to provide need base Medical Services etc.
- Trust runs one Laboratory for Routine Tests & arrange for Advance tests etc.
- Arrange Free / Subsidised Services of the Specalists.
- Arrange Free / Subsidised Investigations Viz. : X-ray, Ultra Sound, C.T. Scan, Mamography & M.R.I. etc.
- Trust runs one Eye Wing & one Dental wing to cater to the specific Eyes & Dental Ailments. Also arrange cataract Surgeries I.O.L Spectacles & Dentures etc. on subsidised charges.
- Arrange Free/ Subsidised Hearing Aids.
- Provide Financial Assistance / in kind to Patients of Chronic Ailments / Operations / Transplantations etc.
- Trust owns two Ambulances to provide 24 hours (Day & Night) Services in Remote Hilly areas.

**Educational Promotion Services**

- Free Coaching Classes for weak students
- Monthly Financial Assistance to Orphans, Handicapped, Poor Students & to Handicapped Parents for the Education of their School / College going Children.
- Special Awards to Five Brilliant Students every year i.e. in Medical, Mech. Engg., Computer Engg., Info Tech. & Bio-Tech.

**Vocational Training Services**

- Trust managers Women Vocational Training Centres in Villages.
- Trust Sponsors Village Youths (Male & Female) for Vocational Training in different courses in nearby Polytechnics.

**Community Development Services**

- General Guidance & awareness about Education, Vocational Training, Cleanliness, Hygene, Timely Treatment, Immunisation, Pulse Polio, Aids, Family Planning, Minor / Early Marriage, Women Upliftment & Agriculture Growth etc.
- Frequent Distribution of Contraceptives, Wearing Apparells, Sweaters, Shawls, Chappels, Blankets. etc. etc.
- Assistance / Sewing Machines to Brides of Poor Families, Widows, Deserted Females.
- Rehabilitation of Handicapped by doing the needful.
- Monthly Financial Assistance to orphans, Handicapped, widows, Deserted Woman, Aged & Poor Families.
- Provide Assistance by Cash & in Kind to sufferers of Natural Calamities (Floods, Earth Quakes & Cyclones etc.) & to the Families of Victims & Martyrs of Natural Crises.
- Co-operate / Assist / Help Following Esteemed Institutes having similar aims & objectives:-

* Manav Sewa Trust (Regd.) S.A.S. Nagar / Mohali Punjab
* Sri Guru Granth Sahib Sewa Society (Regd), Chandigarh (U.T.)
* Sri Guru Harkrishan Sahib Educational Society (Regd.) Chandigarh (U.T.)
* Amrit Kirtan Trust (Regd.) Chandigarh (U.T.)
* Universal Disabled Care-Taker Social Welfare Society (Regd.) Village Padiala, S.A.S.

Nagar (Mohali) Punjab.
* Gurmat Parsar Sewa Society (Regd.) Chandigarh (U.T.)
* Mohali Senior Citizens Association (Regd.) S.A.S. Nagar, Mohali (Punjab).
* Gurbani Is Jag Meh Chanan (Regd.), S.A.S. Nagar/ Mohali (Pb.)
* Sikh Missionary College (Regd.), Ludhiana (Punjab)

**Future Plans :**

* To improve/ upgrade / enhance our present services.
* To Build / Develop more Medical Sewa Centres in Deep Rural & Remote Hilly Area.
* To Initiate New Projects for the upliftment of Women Folk, Promote Education & Vocational Training.
* To Assist/ Help : As Associate to other Institutes having similar aims & Objects.

# ਰਾਗ ਜੈਤਸਰੀ

## ਪ੍ਰਿੰਸੀਪਲ ਦਿਆਲ ਸਿੰਘ

ਵਾਦੀ – ਪ ਠਾਟ- ਪੂਰਵੀ ਸਮਾਂ- ਸ਼ਾਮ (ਦਿਨ ਦਾ ਚੌਥਾ ਪਹਿਰ)

ਸੰਵਾਦੀ-ਸ ਜਾਤੀ- ਓੜਵ-ਸੰਪੂਰਣ ਵਿਸ਼ੇਸ਼-'ਗ-ਪ ਤੇ ਰੁੰ-ਨ' ਸੁਰ ਸੰਗਤੀ।

ਆਰੋਹ- ਸ, ਗ, ਮੱਪ, ਨਸੰ, ਜਾਂ ਨ. ਸ, ਗਪ, ਮੱਧੁਪ, ਨਸੰ ।

ਅਵਰੋਹ-ਸੰ, ਰੁੰਨਧੁਪ, ਮੱਗ ਮੱਗ, ਪ, ਗ, ਰੁਸ ।

ਪਕੜ- ਨ. ਸ, ਗਪ, ਮੱਧੁਪ, ਨ, ਰੁੰਨਧੁਪ, ਮੱਗ ਮੱਗ, ਪ, ਗ, ਰੁਸ ।

ਅਸਥਾਈ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੩ | | | | X | | | | ੨ | | | | ੦ | | | |
| ਸ | | | | | | | | | | ਗ | | | | | |
| ਨ | ਸ | ਗ | ਮੰਗ | ਪ | – | ਪ | ਪ | ਮੱ | ਧੁ | ਪ | ਪ | ਮੰ | ਗ | ਮੱ | ਗ |
| ਹ | ਰਿ | ਜੂ | ss | ਰਾ | s | ਖ | ਲੇ | ਹੁ | s | ਪ | ਤ | ਮੈਂ | s | ਗੀ | s |
| ਮੱ | | ਸੰ | | | | | | ਪੱ | | | ਗ | | | | |
| ਪ | ਪ | ਨ | ਸੰ | ਨ | ਧੁ | ਪ | ਪ | ਮੱ | ਗ | ਮੱ | ਮੱ | ਗ | ਰੁ | ਸ | ਸ |
| ਜ | ਮ | ਕੋ | s | ਤ੍ਰਾ | s | ਸ | ਭ | ਇਓ | s | ਉ | ਰ | ਐਂ | s | ਤ | ਰ |
| ਸ | | ਮੱ | | | | ਨ | | | | | | | | | |
| ਨ | ਸ | ਗ | ਮੱ | ਪ | ਨ | ਰੁੰ | ਨ | ਪਨ | ਸੰਨ | ਧੁਪ | ਮੱਪ | ਗਮੱ | ਪਮੱ | ਗਰੁ | ਸ |
| ਸ | ਰ | ਨ | ਗ | ਹੀ | s | ਕਿ | ਰ | ਪਾs | ss | ਨਿs | ਧਿs | ਤੇs | ss | ਰੀs | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮੰ | | | | | | | ਨ | | | | | | | | |
| ਪ | ਪ | ਨ | – | ਸੰ | ਸੰ | ਸੰ | ਸੰ | ਰੁੰ | ਸੰ | ਗੰ | ਮੱ | ਗੰ | ਰੁੰ | ਸੰ | ਸੰ |
| ਮ | ਹਾ | s | s | ਪ | ਤਿ | ਤ | ਮੁ | ਗ | ਧ | ਲੋ | s | ਭੀ | s | ਭੁ | ਨ |
| ਨ | | | | ਧੁ | | | | | | | | | | | |
| ਸੰ | ਸੰ | ਰੁੰ | ਨ | ਨ | ਧੁ | ਪ | ਪ | ਪ | ਮੱ | ਗੰ | ਮੱ | ਪ | ਧੁ | ਪ | – |
| ਕ | ਰ | ਤ | ਪਾ | s | ਪ | ਅ | ਬ | ਹਾ | s | s | s | s | s | ਰਾ | s |
| ਪ | – | ਪ | ਮੱ | ਧੁ | – | ਪ | – | ਮੱ | ਗ | ਗ | ਮੱ | ਗ | ਰੁ | ਸ | – |
| ਭੈ | s | ਮ | ਰ | ਥੇ | s | ਕੋ | s | ਬਿ | ਸ | ਤ | ਰ | ਨਾ | s | ਹੀ | s |
| ਸ | | ਮੱ | | | | ਨ | | | | | | | | | |
| ਨ | ਸ | ਗ | ਮੱ | ਪ | ਨ | ਰੁੰ | ਨ | ਪਨ | ਸੰਨ | ਧੁਪ | ਮੱਪ | ਗਮੱ | ਪਮੱ | ਗਰੁ | ਸ |
| ਤਿ | ਹ | ਚਿੰ | s | ਤਾ | s | ਤ | ਨ | ਜਾs | ss | ss | ss | ਰਾs | ss | ss | s |

-ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ ।

*(ਪੁਸਤਕ ਗੁਰਮਤ ਸੰਗੀਤ ਸਾਗਰ ਭਾਗ ਤੀਜਾ ਵਿਚੋਂ)*

ਜੈਤਸਰੀ ਮਹਲਾ ੯ ॥
jaithusuree mehulaa 9
Jaitsree, Ninth Mehl:

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
har joo raakh laehu path maeree
O Dear Lord, please, save my honor!

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥
jum ko thraas bhaeiou our anthar suran gehee kirupaa nidh thaeree
The fear of death has entered my heart; I cling to the Protection of Your Sanctuary, O Lord, ocean of mercy. ||1||Pause||

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥
mehaa pathith mugudh lobhee fun kuruth paap ab haaraa
I am a great sinner, foolish and greedy; but now, at last, I have grown weary of committing sins.

ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥
bhai murubae ko bisuruth naahin thih chinthaa thun jaaraa
I cannot forget the fear of dying; this anxiety is consuming my body. ||1||

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥
keeeae oupaav mukath kae kaaran dheh dhis ko outh dhaaeiaa
I have been trying to liberate myself, running around in the ten directions.

ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥
ghutt hee bheethar busai nirunjun thaa ko murum n paaeiaa
The pure, immaculate Lord abides deep within my heart, but I do not understand the secret of His mystery. ||2||

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥
naahin gun naahin kush jup thup koun kurum ab keejai
I have no merit, and I know nothing about meditation or austerities; what should I do now?

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥
naanuk haar pariou surunaagath abhai dhaan prubh dheejai
O Nanak, I am exhausted; I seek the shelter of Your Sanctuary; O God, please bless me with the gift of fearlessness. ||3||2||

# 16TH FOUNDER'S DAY

**10th October 2009**

**HELP NEEDY**

Congrats!

*Highly Obliged!*

**YOUR NOBLE GESTURES ENABLED US TO CONTINUE SEWAS**

**MAY GOD BLESS YOU ALL WITH PEACE AND PROSPERITY**

AN ISO 9001 : 2000 CERT.

## SEWAKS' Charitable Trust (Regd.)

**Regd. Office : SCO 1104-05, First Floor, Sector 22-B, Chandigarh - 160 022 (INDIA)**


**Tel. : 93161 36268, 98726 36268, 98722 84141, 98152 20730**
**Branch Office : 2477, Street 15, Dashmesh Nagar, Ludhiana (Punjab), Ph : 2490820, 98156-18154**

| | |
|---|---|
| TRUST CENTRE PUNJAB | Medical Sewa Centre, Village Jhanjheri, P.O. Landran, Tehsil Kharar, Distt. S.A.S. Nagar (Punjab) |
| TRUST CENTRE HARYANA | Sewaks' Sewa Centre, Lal Kothi, Village Behlon, Morni Hills, Distt. Panchkula (Haryana) |
| TRUST CENTRE H.P. | Sewaks' Sewa Centre Centre, Village Dhangyar, Tehsil Pachhad, Distt. Sirmour (H.P.) |

**IN THE SERVICE OF HUMANITY, SINCE : 1994**

Postal Regd. No. G/CDH/0045/2009-10 RNI Regd. No. 46788/89 ISSN 0972-2335

**ANAND NISHIKAWA CO. LTD.** | **EPDM/TPV/TPR/TEO WEATHER STRIPS**




ALP GROUP

# WIDE RANGE OF PRODUCTS



**PROFILES & SEALS FOR :** Automobile & Building Industry, Shipping Containers, Railways, Bus Body Air-conditioning Etc

**PRODUCTS :** PVC & Sponge Sticking Main Seals, Dense Profiles for different applications, Door & Body Mounted Main Seals & Sub Seals, Flocked Glass Run Channels, Electric Panel Seals, Sponge Seals & Profiles, Wind Shield Rubbers, Shipping Container Seals, Pvc Trims, Hood Seals, Trunk Seals etc. Nitrile Rubber Insulation (Hot & Cold) Tubes & Sheets for all Airconditioing Purpose

**OE SUPPLIERS TO :**

OPEL RENAULT HM FIAT VOLVO INDIA